ੴ ਸਤਿਗੁਰ ਪ੍ਰਸਾਦਿ

# ਨਾਮ ਅੰਮ੍ਰਿਤ - ਖੰਡੇ ਦਾ ਅੰਮ੍ਰਿਤ

*(ਡਾ. ਗੰਡਾ ਸਿੰਘ ਮੈਮੋਰੀਅਲ ਟਰਸਟ ਦੀ ਸਾਲ 1997-98 ਦੀ ਪ੍ਰਤਿਯੋਗਤਾ ਵਿਚ ਦੂਜਾ ਸਥਾਨ, ਪ੍ਰਾਪਤ ਕਰਨ ਵਾਲਾ ਲੇਖ)*

ਲੇਖਕ
ਡਾ. ਗੁਰਚਰਨ ਸਿੰਘ ਔਲਖ
ਜ਼ੀਰਾ

ਵਿਸ਼ੇਸ਼ ਸਹਿਯੋਗ
ਅਕਾਡਮੀ ਆਫ਼ ਸਿੱਖੀ ਰਿਲੀਜਨ ਐਂਡ ਕਲਚਰ, ਪਟਿਆਲਾ
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ

1999
ਗੁਰੂ ਨਾਨਕ ਦੇਵ ਮਿਸ਼ਨ ਲੜੀ 498

ਗੁਰੂ ਨਾਨਕ ਦੇਵ ਮਿਸ਼ਨ, ਅਕਾਡਮੀ ਆਫ਼ ਸਿੱਖ ਰਿਲੀਜਨ ਐਂਡ ਕਲਚਰ,
1-ਢਿਲੋਂ ਮਾਰਗ, ਪਟਿਆਲਾ। ਭੇਟਾ 6/-

*ਟ੍ਰੈਕਟ ਨੰ: 498 ਹੇਠ ਲਿਖਿਆਂ ਦੀ ਸਹਾਇਤਾ ਤੇ ਸਹਿਯੋਗ ਨਾਲ ਛਾਪਿਆ ਗਿਆ :*

1. *ਸ. ਨਰਿੰਦਰਪਾਲ ਸਿੰਘ, ਨਿਰਮਾਨ ਵਿਹਾਰ, ਨਵੀਂ ਦਿੱਲੀ।*
2. *ਸ. ਗੁਰਚਰਨ ਸਿੰਘ ਜੌਲੀ, ਮਹੀਮ, ਮੁੰਬਈ।*
3. *ਸ. ਜੁਗਿੰਦਰ ਸਿੰਘ ਤੇ ਸਰਦਾਰਨੀ ਹਰਜੀਤ ਕੌਰ, ਬੂਟਾ ਸਿੰਘ ਵਾਲਾ, ਪਟਿਆਲਾ।*
4. *ਸ. ਸੁਰਿੰਦਰਪਾਲ ਸਿੰਘ ਸੋਨੀ ਤੇ ਸਰਦਾਰਨੀ ਕਿਰਨ ਕੌਰ, ਸੁਨਹਿਰੀ ਬਾਗ, ਰੋਹਨੀ, ਨਵੀਂ ਦਿੱਲੀ।*

## ਵਿਸ਼ੇਸ਼ ਬੇਨਤੀਆਂ

1. ਜੀਵਨ-ਪ੍ਰਯੰਤ ਮੈਂਬਰ ਬਣਕੇ ਇਹੋ ਜਹੇ ਟ੍ਰੈਕਟ ਸਦਾ ਪ੍ਰਾਪਤ ਕਰਨਾ ਨਿਸਚਿਤ ਕਰੋ।
2. ਇਹ ਜਾਂ ਹੋਰ ਅਜੇਹੇ ਟ੍ਰੈਕਟ ਗੁਰਪੁਰਬਾਂ ਸਮੇਂ ਗੁਰਮਤਿ ਪ੍ਰਚਾਰ ਲਈ ਅਤੇ ਸਕੂਲ-ਕਾਲਜਾਂ ਦੇ ਵਿਦਿਆਰਥੀਆਂ ਨੂੰ ਇਨਾਮ ਦੇ ਤੌਰ ਤੇ ਵੰਡੋ।।

**ਅਜੇਹੇ ਕਾਰਜਾਂ ਲਈ ਵਿਸ਼ੇਸ਼ ਛੂਟ 33% ਤੱਕ ਦਿੱਤੀ ਜਾ ਸਕਦੀ ਹੈ।**

## ਚੰਦਿਆਂ ਦੀ ਦਰ

| | |
|---|---|
| ਭਾਰਤ | |
| ਵਾਰਸ਼ਿਕ | 35-00 |
| ਜੀਵਨ-ਪ੍ਰਯੰਤ | 350-00 |
| ਵਿਦੇਸ਼ | |
| ਜੀਵਨ ਪ੍ਰਯੰਤ | 1000-00 |

# ਨਾਮ-ਅੰਮ੍ਰਿਤ - ਖੰਡੇ ਦਾ ਅੰਮ੍ਰਿਤ

ਅੰਮ੍ਰਿਤ ਜ਼ਿੰਦਗੀ ਲਈ ਵਰਦਾਨ ਹੈ। ਇਹ ਇਕ ਅਜਿਹੀ ਬਖ਼ਸ਼ਿਸ਼ ਹੈ ਜੋ ਪ੍ਰਮਾਤਮਾ ਦੀ ਕ੍ਰਿਪਾ ਦੁਆਰਾ ਹੀ ਮਿਲ ਸਕਦੀ ਹੈ ਤੇ ਇਹ ਬਖ਼ਸ਼ਿਸ਼ ਉਦੋਂ ਹੀ ਪ੍ਰਾਪਤ ਹੁੰਦੀ ਹੈ, ਜਦੋਂ ਮਨੁੱਖ ਅੰਦਰੋਂ ਵੀ ਤੇ ਬਾਹਰੋਂ ਵੀ ਨਿਰਮਲ ਹੋ ਜਾਂਦਾ ਹੈ, ਜਦੋਂ ਮਨ ਤੇ ਤਨ ਦੀ ਮੈਲ ਉੱਤਰ ਜਾਵੇ ਤਾਂ ਆਦਮੀ ਅੰਮ੍ਰਿਤ ਦਾ ਅਧਿਕਾਰੀ ਹੁੰਦਾ ਹੈ।

ਮਨੁੱਖ ਮਾਤ੍ਰ ਲਈ ਅੰਮ੍ਰਿਤ ਇਕ ਅਮੋਲਕ ਦਾਤ ਹੈ। ਇਸ ਦੀ ਪ੍ਰਾਪਤੀ ਨਾਲ ਮਨੁੱਖ ਅਮਰ ਤੇ ਅਜਰ ਹੋ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਇਕ ਵਾਰੀ ਦੇਵਤਿਆਂ ਅਤੇ ਦੈਂਤਾਂ ਵਿਚਕਾਰ ਯੁੱਧ ਹੋਇਆ, ਜਿਸ ਵਿਚ ਦੇਵਤੇ ਹਾਰ ਗਏ। ਦੇਵਤਿਆਂ ਦੇ ਮੁੱਖੀ ਇੰਦਰ, ਵਰੁਣ ਆਦਿ ਨੂੰ, ਉਹਨਾਂ ਵਿਸ਼ਨੂੰ ਪਾਸ ਭੇਜ ਦਿੱਤਾ। ਵਿਸ਼ਨੂੰ ਨੇ ਉਨ੍ਹਾਂ ਨੂੰ ਦੈਂਤਾਂ ਨਾਲ ਮਿਲਕੇ ਅੰਮ੍ਰਿਤ ਦੀ ਭਾਲ ਕਰਨ ਦੀ ਪ੍ਰੇਰਨਾ ਕੀਤੀ। ਇਸੇ ਮੰਤਵ ਦੀ ਪੂਰਤੀ ਲਈ ਦੋਹਾਂ ਰਲਕੇ ਖੀਰ-ਸਾਗਰ ਨੂੰ ਰਿੜਕਣ ਵਾਸਤੇ ਸੁਮੇਰ ਪਰਬਤ ਦੀ ਮਧਾਣੀ ਬਣਾਈ ਅਤੇ ਬਾਸ਼ਕ ਨਾਗ ਦਾ ਨੇਤ੍ਰਾ। ਸੁਮੇਰ ਪਰਬਤ ਪਾਣੀ ਵਿੱਚ ਡੁੱਬ ਰਿਹਾ ਸੀ ਜਿਸਨੂੰ ਵਿਸ਼ਨੂੰ ਨੇ ਸਹਾਰਾ ਦੇ ਕੇ ਥਾਂ ਸਿਰ ਰੱਖਿਆ। ਇਸ ਸਾਗਰ-ਮੰਥਨ ਨਾਲ ਚੌਦਾਂ ਰਤਨ ਨਿਕਲੇ ਜੋ ਇਹ ਸਨ - ਉਚੇਸ਼ਵਾ ਘੋੜਾ, ਕਾਮਧੇਨੁ, ਕਲਪ ਬ੍ਰਿਛ, ਰੰਭਾ, ਲੱਛਮੀ, ਅੰਮ੍ਰਿਤ, ਜ਼ਹਿਰ, ਸ਼ਰਾਬ, ਚੰਦ੍ਰਮਾ, ਧਨੰਤਰਿ, ਸੰਖ, ਕੌਸਤੁਭਮਣਿ, ਸਾਰੰਗ-ਧਨੁਖ ਤੇ ਐਰਾਵਤ ਹਾਥੀ।[1] ਹੋਰ ਚੀਜ਼ਾਂ ਤਾਂ ਦੇਵਤਿਆਂ ਨੇ ਵੰਡ ਲਈਆਂ, ਪਰ ਅੰਮ੍ਰਿਤ ਲਈ ਦੇਵਤਿਆਂ ਤੇ ਦੈਂਤਾਂ ਵਿਚ ਝਗੜਾ ਹੋ ਗਿਆ। ਜਿਹੜਾ ਇਸਨੂੰ ਪਾਨ ਕਰਦਾ, ਉਸੇ ਨੇ ਅਮਰ ਹੋ ਜਾਣਾ ਸੀ। ਇਸਦਾ ਨਿਪਟਾਰਾ ਵਿਸ਼ਨੂੰ ਭਗਵਾਨ ਨੇ ਮੋਹਨੀ ਅਵਤਾਰ ਦਾ ਰੂਪ ਧਾਰਕੇ ਕੀਤਾ। ਰਾਇ ਬਲਵੰਤ ਨੇ ਵੀ ਤੇ ਗੁਰੂ ਨਾਨਕ ਦੇਵ ਜੀ ਨੇ ਵੀ ਇਸ ਪੌਰਾਣਿਕ ਕਥਾ ਦਾ ਹਵਾਲਾ ਸੰਕੇਤਕ ਰੂਪ ਵਿਚ ਦਿੱਤਾ ਹੈ : ਰਾਏ ਬਲਵੰਡ ਤਾਂ ਲਿਖਦਾ ਹੈ ਕਿ ਗੁਰੂ ਨਾਨਕ ਸਾਹਿਬ ਨੇ ਸ਼ਬਦ ਸਾਗਰ ਨੂੰ ਰਿੜਕ ਕੇ ਚੌਦਾਂ ਰਤਨ ਪ੍ਰਗਟ ਕੀਤੇ :

*ਮਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸਬਦਿ ਰਿੜਕਿਓਨੁ।*
*ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ।*

*(ਵਾਰ ਰਾਮਕਲੀ, ਪੰਨਾ 967)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ 'ਰਾਗ ਆਸਾ' ਵਿਚ ਲਿਖਿਆ ਹੈ :

*ਰਤਨੁ ਉਪਾਇ ਧਰੇ ਖੀਰੁ ਮਥਿਆ*
*ਹੋਰਿ ਭਖਲਾਏ ਜਿ ਅਸੀ ਕੀਆ।*[2]

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਨੇ ਭਾਵੇਂ ਪੌਰਾਣਕ ਕਥਾ ਦਾ ਸੰਕੇਤਕ ਵੇਰਵਾ ਹੀ ਦਿੱਤਾ ਹੈ, ਪ੍ਰੰਤੂ ਉਹਨਾਂ ਦਾ ਮਨੋਰਥ ਇਹ ਦਰਸਾਉਣਾ ਹੀ ਹੈ ਕਿ ਰਤਨ ਭਾਵੇਂ ਕਿਤਨੇ ਵੀ ਅਨਮੋਲ ਹਨ, ਪ੍ਰੰਤੂ ਸਾਰਿਆਂ ਤੋਂ ਉੱਤਮ ਤੇ ਸ਼੍ਰੇਸ਼ਟ 'ਨਾਮੁ' ਦੀ ਦਾਤ ਹੈ। 'ਨਾਮੁ' ਦੀ ਦਾਤ ਨੂੰ ਹੀ "ਨਾਮ ਅੰਮ੍ਰਿਤ" ਕਿਹਾ ਗਿਆ ਹੈ। ਇਹਨਾਂ

1. ਕਾਨ੍ਹ ਸਿੰਘ, ਭਾਈ : ਮਹਾਨ ਕੋਸ਼, ਭਾਸ਼ਾ ਵਿਭਾਗ, 1974, ਪੰ: ੧੦੨੧
2. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੩੫੦-੫੧

ਕੀਮਤੀ ਪਦਾਰਥਾਂ ਵਿੱਚ ਸਭ ਤੋਂ ਉੱਤਮ ਤਾਂ ਪ੍ਰਭੂ ਦਾ ਨਾਮ ਹੀ ਹੈ। ਅੰਮ੍ਰਿਤ-ਨਾਮ ਦੁਰਲੱਭ ਵਸਤੂ ਹੈ। ਕਿਸੇ ਵੀ ਵਿਅਕਤੀ ਨੂੰ ਜੇ ਕਰ ਸਦੀਵਤਾ ਪ੍ਰਾਪਤ ਹੋ ਸਕਦੀ ਹੈ ਤਾਂ ਹੀਰੇ, ਮੋਤੀ, ਰੁਪੈ, ਪੈਸੇ, ਕੋਠੀਆਂ, ਬੰਗਲਿਆ, ਬਾਗਾਂ, ਮਿਲਖਾਂ ਜਾਂ ਧੀਆਂ ਪੁੱਤਰਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ। ਅਮਰਤਾ ਪ੍ਰਦਾਨ ਕਰਨ ਵਾਲੀ ਸ਼ਕਤੀ ਇਕ 'ਨਾਮੁ' ਹੀ ਹੈ। ਨਾਮ ਦੀ ਪ੍ਰਾਪਤੀ ਹੀ ਮਨੁੱਖੀ ਜੀਵਨ ਦਾ ਉਦੇਸ਼ ਤੇ ਪ੍ਰਯੋਜਨ ਹੈ।

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :

*ਕਰਮ ਕਰਤੂਤਿ ਬੇਲਿ ਬਿਸਥਾਰੀ ਰਾਮ ਨਾਮੁ ਫਲੁ ਹੂਆ॥*
*ਤਿਸੁ ਰੂਪੁ ਨ ਰੇਖ ਅਨਾਹਦੁ ਵਾਜੈ ਸ਼ਬਦੁ ਨਿਰੰਜਨਿ ਕੀਆ॥੧॥*
*ਕਰੇ ਵਖਿਆਣੁ ਜਾਣੈ ਜੇ ਕੋਈ॥*
*ਅੰਮ੍ਰਿਤਾ ਪੀਵੈ ਸੋਈ॥੧॥ਰਹਾਉ॥*[3]

ਗੁਰਬਾਣੀ ਵਿਚ 'ਨਾਮੁ' ਨੂੰ ਹੀ ਅੰਮ੍ਰਿਤ ਕਿਹਾ ਗਿਆ ਹੈ। ਅਮਰਤਾ ਭਾਵ ਅਮਰ ਪਦਵੀ ਪ੍ਰਾਪਤ ਕਰਨਾ ਮਨੁੱਖ ਦਾ ਇਕ ਪੁਰਾਣਾ ਸੁਪਨਾ ਰਿਹਾ ਹੈ। ਪੁਰਾਤਨ ਧਰਮ ਗ੍ਰੰਥਾਂ ਵਿਚ ਅਮਰ ਹੋਣ ਦੇ ਸੰਕਲਪ ਦਾ ਵਾਰ ਵਾਰ ਜ਼ਿਕਰ ਆਇਆ ਹੈ। ਮਨੁੱਖ ਦੀ ਇਹ ਇੱਛਾ ਸਦਾ ਹੀ ਰਹੀ ਹੈ ਕਿ ਕੋਈ ਐਸੀ ਚੀਜ਼ ਵਰਤੋਂ ਵਿੱਚ ਲਿਆਂਦੀ ਜਾਵੇ ਜਿਸ ਨਾਲ ਮਨੁੱਖ ਅਜਰ ਅਮਰ ਹੋ ਜਾਵੇ ਤੇ ਮੌਤ ਨੂੰ ਆਪਣੇ ਅਧਿਕਾਰ ਵਿਚ ਕਰ ਸਕੇ ਤੇ ਮੌਤ ਉਸਦਾ ਕੁੱਝ ਵਿਗਾੜ ਨ ਸਕੇ।

ਸਾਮੀ ਧਰਮਾਂ ਵਿਚ ਆਬਿਹਯਾਤ ਦਾ ਖਿਆਲ ਇਸੇ ਭਾਵ ਨੂੰ ਪ੍ਰਗਟ ਕਰਨ ਵਾਲਾ ਹੈ। ਵੈਦਿਕ ਰਿਸ਼ੀ ਮੁਨੀ, ਸੋਮ ਰਸ ਨੂੰ ਅੰਮ੍ਰਿਤ ਕਹਿੰਦੇ ਆਏ ਹਨ। ਪੁਰਾਣੇ ਤਾਂਤ੍ਰਿਕ ਮੱਤ ਵਿਚ ਇਹ ਵਰਣਨ ਆਉਂਦਾ ਹੈ ਕਿ ਮਨੁੱਖ ਨੂੰ ਐਸੇ ਰਸ ਦੀ ਭਾਲ ਕਰਨੀ ਚਾਹੀਦੀ ਹੈ ਜਿਸ ਨਾਲ ਮਨੁੱਖ ਚਿਰੰਜੀਵ ਹੋ ਜਾਵੇ। ਸਿੱਧ, ਹੱਠ ਯੋਗ ਸਾਧਨਾਂ ਦੁਆਰਾ ਦਸਮ ਦੁਆਰ ਤੋਂ ਝਰਦਾ ਅੰਮ੍ਰਿਤ ਪਾਨ ਕਰਦੇ ਦੱਸੇ ਜਾਂਦੇ ਹਨ। ਰਹੱਸਵਾਦੀ ਸੰਤਾਂ ਨੇ ਪ੍ਰਭੂ ਨਾਮ ਨੂੰ ਹੀ ਰਸਾਇਣ ਤੇ ਅੰਮ੍ਰਿਤ ਆਖਿਆ ਹੈ।[4]

ਸਿੱਖ ਗੁਰੂ ਸਾਹਿਬਾਨ ਨੇ 'ਆਦਿ ਗ੍ਰੰਥ' ਵਿਚ ਤੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ 'ਨਾਮੁ' ਨੂੰ ਹੀ ਅਮਰਤਾ ਪ੍ਰਦਾਨ ਕਰਨ ਵਾਲੀ ਸ਼ਕਤੀ ਮੰਨਿਆ ਹੈ। ਆਤਮਕ ਜੀਵਨ ਦੇਣ ਵਾਲਾ ਪ੍ਰਭੂ ਦਾ ਨਾਮ ਹੀ ਅੰਮ੍ਰਿਤ ਹੈ। ਜੋ ਆਤਮਿਕ ਮੌਤ ਤੋਂ ਆਤਮਿਕ ਅੰਮ੍ਰਿਤਾ, ਅਗਿਆਨ ਦੇ ਅੰਧਕਾਰ ਤੋਂ ਗਿਆਨ ਦੇ ਪ੍ਰਕਾਸ਼ ਵੱਲ ਲੈ ਜਾਏ ਅਤੇ ਜੀਵਨ ਵਿਚ ਫੈਲੇ ਹੋਏ ਹਉਮੈ ਅਤੇ ਮਾਇਆ ਦੇ ਮੋਹ ਰੂਪੀ ਜ਼ਹਿਰ ਨੂੰ ਕੱਢਕੇ ਜੀਵਨ ਨੂੰ ਅੰਮ੍ਰਿਤਮਈ ਬਣਾ ਦੇਵੇ – ਨਿਸ਼ਚੇ ਹੀ ਉਹ ਅੰਮ੍ਰਿਤ ਹੈ। ਗੁਰਬਾਣੀ ਇਸ ਨਾਮ ਅੰਮ੍ਰਿਤ ਦਾ ਹੀ ਸਾਗਰ ਹੈ। ਰਾਇ ਬਲਵੰਡ ਨੇ ਲਿਖਿਆ ਹੈ ਕਿ ਗੁਰੂ ਨਾਨਕ ਸਾਹਿਬ ਦੇ ਸ਼ਬਦ ਸਾਗਰ ਨੂੰ ਰਿੜਕ ਕੇ ਚੌਦਾਂ ਰਤਨਾਂ ਵਰਗੇ ਦੈਵੀ ਗੁਣ ਪ੍ਰਗਟ ਕੀਤੇ :

---

3 ਉਹੀ, ਪੰ· ੩੫੧

4 ਪਦਮ, ਪਿਆਰਾ ਸਿੰਘ . ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰ· ੪੦

*ਮਾਧਾਣਾ ਪਰਬਤੁ ਕਰਿ ਨੇਤ੍ਰਿ ਬਾਸਕੁ ਸ਼ਬਦਿ ਰਿੜਕਿਓਨੁ॥*

*ਚਉਦਹ ਰਤਨ ਨਿਕਾਲਿਅਨੁ ਕਰਿ ਆਵਾਗਉਣੁ ਚਿਲਕਿਓਨੁ॥*[੪]

ਜੇ ਸਾਗਰ-ਮੰਥਨ ਦੀ ਪੌਰਾਣਿਕ ਕਥਾ ਕਲਪਤਿ ਵੀ ਹੋਵੇ ਤਾਂ ਵੀ ਉਸਨੂੰ ਸੰਕੇਤ ਬਣਾ ਕੇ ਗੁਰੂ ਸਾਹਿਬ ਨੇ ਸਪਸ਼ਟ ਮਾਰਗ ਦਰਸਾਇਆ ਹੈ ਕਿ ਜੀਵਨ ਵਿਚ ਅਮਰ ਪਦਵੀ ਪ੍ਰਾਪਤ ਕਰਨ ਲਈ "ਨਾਮ ਅੰਮ੍ਰਿਤ" ਚੌਦਾਂ ਰਤਨਾਂ ਨਾਲੋਂ ਵੀ ਵਧੇਰੇ ਗੁਣਕਾਰੀ ਹੈ। ਇਸ ਨਾਮ ਅੰਮ੍ਰਿਤ ਨਾਲ ਮਨ ਦੀ ਮੈਲ ਦੂਰ ਹੋ ਜਾਂਦੀ ਹੈ। ਆਤਮਾ ਦੀ ਸ਼ੁੱਧਤਾ ਨਾਮ ਤੋਂ ਬਿਨਾਂ ਸੰਭਵ ਹੀ ਨਹੀਂ। ਪ੍ਰਭੂ ਦੇ ਪਿਆਰ ਵਿਚ ਰੰਗੇ ਹੋਏ ਮਨੁੱਖਾਂ ਵਾਸਤੇ 'ਨਾਮੁ' ਹੀ ਸਭ ਤੋਂ ਉੱਤਮ ਵਸਤੂ ਹੈ :

*ਜਿਨ ਵਡਿਆਈ ਤੇਰੇ ਨਾਮ ਕੀ ਤੇ ਰਤੇ ਮਨ ਮਾਹਿ॥*

*ਨਾਨਕ ਅੰਮ੍ਰਿਤੁ ਏਕੁ ਹੈ ਦੂਜਾ ਅੰਮ੍ਰਿਤੁ ਨਾਹਿ॥*[੫]

ਗੁਰੂ ਅੰਗਦ ਦੇਵ ਜੀ ਅਨੁਸਾਰ ਤਾਂ ਅੰਮ੍ਰਿਤ ਵਰਗੀ ਕੋਈ ਹੋਰ ਦਾਤ ਹੀ ਨਹੀਂ ਤੇ ਇਸ ਨਾਮ-ਅੰਮ੍ਰਿਤ ਦੀ ਪ੍ਰਾਪਤੀ ਹੀ ਮਨੁੱਖ ਦਾ ਲਕਸ਼ ਹੈ ਪ੍ਰੰਤੂ ਇਹ ਨਾਮ ਰੂਪੀ ਅੰਮ੍ਰਿਤ ਗੁਰੂ ਦੀ ਮਤਿ ਤੇ ਤੁਰਿਆਂ ਹੀ ਮਿਲਦਾ ਹੈ :

*ਨਾਨਕ ਅੰਮ੍ਰਿਤੁ ਮਨੈ ਮਾਹਿ ਪਾਈਐ ਗੁਰ ਪਰਸਾਦਿ॥*

*ਤਿਨ੍ਹੀ ਪੀਤਾ ਰੰਗ ਸਿਉ ਜਿਨ੍ ਕਉ ਲਿਖਿਆ ਆਦਿ॥*[੬]

ਇਸ ਤਰ੍ਹਾਂ ਚੌਥੇ ਪਾਤਿਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਅੰਮ੍ਰਿਤ ਦੀ ਵਡਿਆਈ ਤੇ ਮਹੱਤਾ ਬਾਰੇ ਵਾਰ ਵਾਰ ਸਿੱਧਾਂ ਨੂੰ ਦ੍ਰਿੜ੍ਹ ਕਰਵਾਇਆ ਹੈ ਕਿ ਉਹ ਨਾਮ ਰੂਪੀ ਜਹਾਜ ਤੇ ਹੀ ਭਵ-ਸਾਗਰ ਤੋਂ ਪਾਰ ਹੋ ਸਕਦੇ ਹਨ :

*ਗੁਰਮਤਿ ਮਨਿ ਅੰਮ੍ਰਿਤ ਵੁਠੜਾ ਮੇਰੀ ਜਿੰਦੁੜੀਏ*

*ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥*

*ਅੰਮ੍ਰਿਤ ਬਾਣੀ ਭਗਤ ਜਨਾ ਕੀ·ਮੇਰੀ ਜਿੰਦੁੜੀਏ*

*ਮਨਿ ਸੁਣੀਐ ਹਰਿ ਲਿਵ ਲਾਏ ਰਾਮ॥*[੭]

ਤੇ ਫਿਰ ਹੁਕਮ ਹੈ:

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*

*ਅੰਮ੍ਰਿਤੁ ਗੁਰਮਤਿ ਪਾਏ ਰਾਮ॥*

*ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ*

*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ॥*[੮]

ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਨਾਮ-ਅੰਮ੍ਰਿਤ ਨਾਲ ਹੀ "ਅਮਰ ਪਦੁ" ਦੀ ਪ੍ਰਾਪਤੀ ਹੁੰਦੀ ਹੈ:

---

5. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਰ ਰਾਮਕਲੀ, ਪੰਨਾ ੯੬੭
6. ਉਹੀ, ਪੰਨਾ : ੧੨੩੮
7. ਉਹੀ।
8. ਉਹੀ, ਪੰ: ੫੩੮

*ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ*
*ਅਸਥਿਰ ਹੋਇ ਜੀਉ ॥*
*ਗੁਰੁ ਮੰਤ੍ਰੁ ਦ੍ਰਿੜਾਏ ਹਰਿ ਰਸਿਕ ਰਸਾਏ ਹਰਿ ਅੰਮ੍ਰਿਤ*
*ਹਰ ਮੁਖਿ ਚੋਇ ਜੀਉ ॥*
*ਹਰਿ ਅੰਮ੍ਰਿਤ ਰਸੁ ਪਾਇਆ ਮੁਆ ਜੀਵਾਇਆ*
*ਫਿਰਿ ਬਾਹੁੜਿ ਮਰਣੁ ਨ ਹੋਈ ॥*
*ਹਰਿ ਹਰਿ ਨਾਮੁ ਅਮਰ ਪਦੁ ਪਾਇਆ ਹਰਿ ਨਾਮਿ ਸਮਾਵੈ ਸੋਈ ॥*
*ਜਨ ਨਾਨਕ ਨਾਮੁ ਆਧਾਰੁ ਟੇਕ ਹੈ ਬਿਨੁ ਨਾਵੈ ਅਵਰੁ ਨ ਕੋਇ ਜੀਉ ॥*
*ਜਗੁ ਉਪਜੈ ਬਿਨਸੈ ਬਿਨਸਿ ਬਿਨਾਸੈ ਲਗਿ ਗੁਰਮੁਖਿ ਅਸਥਿਰੁ*
*ਹੋਇ ਜੀਉ ॥*[੯]

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇ 'ਗਉੜੀ ਦੀ ਵਾਰ ਪਹਲਾ ੫' ਵਿਚ ਕਿਹਾ ਹੈ:

*ਅੰਮ੍ਰਿਤੁ ਨਾਮੁ ਨਿਧਾਨੁ ਹੈ ਮਿਲਿ ਪੀਵਹੁ ਭਾਈ ॥*
*ਜਿਸੁ ਸਿਮਰਤ ਸੁਖੁ ਪਾਈਐ ਸਭ ਤਿਖਾ ਬੁਝਾਈ ॥*
*ਕਰਿ ਸੇਵਾ ਪਾਰਬ੍ਰਹਮ ਗੁਰ ਭੁਖ ਰਹੈ ਨ ਕਾਈ ॥*
*ਸਗਲ ਮਨੋਰਥ ਪੁੰਨਿਆ ਅਮਰਾ ਪਦੁ ਪਾਈ ॥*
*ਤੁਧੁ ਜੇਵਡੁ ਤੂਹੈ ਪਾਰਬ੍ਰਹਮ ਨਾਨਕ ਸਰਣਾਈ ॥੩॥*[10]

ਪੰਜਵੇਂ ਪਾਤਿਸ਼ਾਹ ਨੇ ਤਾਂ ਅੰਮ੍ਰਿਤ ਨੂੰ ਹੀ 'ਪ੍ਰਭ ਕਾ ਨਾਮ' ਦਰਸਾਇਆ ਹੈ:

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸਰਾਮ ॥*[11]

ਤੇ

*ਬਾਰੰ ਬਾਰ ਬਾਰ ਪ੍ਰਭੁ ਜਪੀਐ ॥*
*ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥*
*ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥*
*ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥*[12]

ਤੇ

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥*[13]

---

9. ਉਹੀ, ਪੰ: ੪੪੭-੪੪੮
10. ਉਹੀ, ਪੰ: ੩੧੮
11. ਉਹੀ, ਪੰ: ੨੬੨
12. ਉਹੀ, ਪੰ: ੨੮੬
13. ਉਹੀ, ਪੰ: ੨੯੩

ਅੰਮ੍ਰਿਤ ਦਾ ਹਰ ਕੋਈ ਅਭਿਲਾਖੀ ਤਾਂ ਹੈ ਪਰ ਇਸ ਦੀ ਪ੍ਰਾਪਤੀ ਲਈ ਜੋ ਸਾਧਨਾ ਕਰਨੀ ਪੈਂਦੀ ਹੈ, ਉਹੋ ਹੀ ਮਨੁੱਖ ਵਿਚੋਂ ਮਲੀਨ ਤੱਤਾਂ ਨੂੰ ਬਾਹਰ ਕੱਢ ਕੇ ਪਵਿੱਤਰ ਕਰਦੀ ਹੈ। ਇਹ ਤਾਂ ਹੀ ਸੰਭਵ ਹੈ ਜੇ "ਨਾਮ ਅੰਮ੍ਰਿਤ" ਪ੍ਰਾਪਤ ਹੋਵੇ। ਪ੍ਰਾਪਤੀ ਸਹਿਲ ਨਹੀਂ। ਕਠਿਨ ਮਾਰਗ ਹੈ। 'ਦੁਨੀਆ ਦੁੱਖਾਂ ਦਾ ਘਰ ਹੈ' ਮਹਾਤਮਾ ਬੁੱਧ ਨੇ ਵੀ ਆਖਿਆ ਸੀ ਤੇ ਗੁਰੂ ਨਾਨਕ ਦੇਵ ਜੀ ਦਾ ਕਥਨ ਵੀ ਹੈ:

*ਸਹੰਸਰ ਦਾਨ ਦੇ ਇੰਦ੍ਰ ਰੋਆਇਆ॥ ਪਰਸ ਰਾਮੁ ਰੋਵੈ ਘਰ ਆਇਆ॥*
*ਅਜੈ ਸੁ ਰੋਵੈ ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥*
*ਰੋਵੈ ਰਾਮੁ ਨਿਕਾਲਾ ਭਇਆ॥ ਸੀਤਾ ਲਖਮਣੁ ਵਿਛੁੜਿ ਗਇਆ॥*
*ਰੋਵੈ ਦਹਸਿਰੁ ਲੰਕ ਗਵਾਇ॥ ਜਿਨਿ ਸੀਤਾ ਆਦੀ ਡਉਰੂ ਵਾਇ॥*
*ਰੋਵਹਿ ਪਾਂਡਵ ਭਏ ਮਜੂਰ॥ ਜਿਨ ਕੈ ਸੁਆਮੀ ਰਹਤ ਹਦੂਰਿ॥*
*ਰੋਵੈ ਜਨਮੇਜਾ ਖੁਇ ਗਇਆ॥ ਏਕੀ ਕਾਰਣਿ ਪਾਪੀ ਭਇਆ॥*
*ਰੋਵਹਿ ਸੇਖ ਮਸਾਇਕ ਪੀਰ॥ ਅੰਤਿ ਕਾਲਿ ਮਤੁ ਲਾਗੈ ਭੀੜ॥*
*ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥*
*ਰੋਵਹਿ ਕਿਰਪਨ ਸੰਚਹਿ ਧਨੁ ਜਾਇ॥ ਪੰਡਿਤ ਰੋਵਹਿ ਗਿਆਨੁ ਗਵਾਇ॥*
*ਬਾਲੀ ਰੋਵੈ ਨਾਹਿ ਭਤਾਰੁ॥ ਨਾਨਕ ਦੁਖੀਆ ਸਭੁ ਸੰਸਾਰੁ॥*
*ਮੰਨੇ ਨਾਉ ਸੋਈ ਜਿਣਿ ਜਾਇ॥ ਅਉਰੀ ਕਰਮ ਨ ਲੇਖੈ ਲਾਇ॥*[14]

ਇਸ ਤੱਤ ਦੀ ਪਹਿਚਾਣ ਜ਼ਰੂਰੀ ਹੈ ਕਿ ਮਨੁੱਖੀ ਇਤਿਹਾਸ ਦੇ ਵੱਡੇ ਵੱਡੇ ਨਾਇਕ ਵੀ ਦੁੱਖੀ ਹੋਏ ਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਦੇ ਜ਼ਹਿਰ ਦੇ ਵਪਾਰੀ ਬਣੇ। ਆਮ ਆਦਮੀ ਵੀ ਹਰ ਰੋਜ਼ ਇਸੇ ਚੱਕਰ ਵਿਚ ਰਹਿੰਦਾ ਹੈ ਤੇ ਇਹਨਾਂ ਪਾਪਾਂ ਦੀ ਚੱਕੀ ਵਿਚ ਪਿਸਦਾ ਹੈ ਤੇ ਦੁੱਖੀ ਹੁੰਦਾ ਹੈ। ਆਦਮੀ ਦੀ ਮੁਕਤੀ ਦਾ ਰਾਹ 'ਲਾਲਸਾ' ਨਹੀਂ ਸਬਰ ਹੈ, ਸੰਤੋਖ ਹੈ। ਭਟਕਣਾ ਵਿਚੋਂ ਆਦਮੀ ਤਦ ਹੀ ਬਾਹਰ ਨਿਕਲ ਸਕਦਾ ਹੈ ਜੇਕਰ ਉਹ 'ਨਾਮ ਅੰਮ੍ਰਿਤ' ਦੀ ਦਾਤ ਦਾ ਵਰੋਸਾਇਆ ਹੋਵੇ। ਇਹ ਅੰਮ੍ਰਿਤ ਦਾਤ ਮਿਹਰ ਨਾਲ ਹੀ ਪ੍ਰਾਪਤ ਹੁੰਦੀ ਹੈ। ਜੋ ਮਨੁੱਖ ਭੇਖਾਂ, ਪਾਖੰਡਾਂ, ਹੇਰਾ ਫੇਰੀ ਤੇ ਫਰੇਬ ਤੋਂ ਉਪਰ ਉੱਠਕੇ ਹੱਕ ਸੱਚ ਦੀ ਕ੍ਰਿਤ ਕਰਦਾ ਹੈ, ਉਹੀ 'ਨਾਮ ਅੰਮ੍ਰਿਤ' ਦੀ ਦਾਤ ਦਾ ਹੱਕਦਾਰ ਬਣਦਾ ਹੈ। ਜੀਵਨ ਦੇ ਰਸਾਂ ਵਿੱਚ ਉੱਤਮ ਰਸ ਅੰਮ੍ਰਿਤ ਦਾ ਹੈ, ਨਾਮ-ਅੰਮ੍ਰਿਤ ਦਾ ਹੈ:

*ਜਿਤਨੇ ਰਸ ਅਨਰਸ ਹਮ ਦੇਖੇ ਸਭ ਤਿਤਨੇ ਫੀਕ ਫੀਕਾਨੇ॥*
*ਹਰਿ ਕਾ ਨਾਮੁ ਅੰਮ੍ਰਿਤ ਰਸੁ ਚਾਖਿਆ ਮਿਲਿ ਸਤਿਗੁਰ ਮੀਠ ਰਸ ਗਾਨੇ॥*

ਤੇ

*ਮੇਰੇ ਮਨ ਹਰਿ ਹਰਿ ਹਰਿ ਹਰਿ ਹਰਿ ਜਸੁ*
*ਊਤਮੁ ਹੈ ਲਾਹਾ ਹਰਿ ਮਨਿ ਹਸੀਐ॥*
*ਹਰਿ ਹਰਿ ਆਪਿ ਦਇਆ ਕਰਿ ਦੇਵੈ*
*ਤਾ ਅੰਮ੍ਰਿਤ ਹਰਿ ਰਸੁ ਚਖੀਐ॥*[15]

---

14. ਉਹੀ, ਪੰ: ੯੫੩-੫੪
15. ਉਹੀ, ਪੰ:੧੬੯-੧੭੦

ਗੁਰਮਤਿ ਦਾ ਮਾਰਗ ਹੀ ਪ੍ਰਭੂ ਉਪਰ ਵਿਸ਼ਵਾਸ਼ ਕਾਇਮ ਕਰਨ ਦੀ ਸ਼ਾਹਰਾਹ ਹੈ। ਅਡੋਲ ਆਤਮਿਕ ਅਵਸਥਾ ਵਿਚ ਜਾਕੇ ਜਦੋਂ ਪ੍ਰਭੂ ਦੀ ਸਿਫਤ-ਸਾਲਾਹ ਕੀਤੀ ਜਾਵੇ ਤਾਂ ਮਨੁੱਖ ਨੂੰ ਨਾਮ-ਅੰਮ੍ਰਿਤ ਦੀ ਦਾਤ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਦਾ ਕਥਨ ਹੈ:

*ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ॥*
*ਦੂਧੁ ਕਰਮ ਫੁਨਿ ਸੁਰਤਿ ਸਮਾਇਣੁ ਹੋਇ ਨਿਰਾਸ ਜਮਾਵਹੁ ॥੧॥*
*ਜਪਹੁ ਤ ਏਕੋ ਨਾਮਾ॥ ਅਵਰਿ ਨਿਰਾਫਲ ਕਾਮਾ ॥੧॥ ਰਹਾਉ॥*
*ਇਹੁ ਮਨੁ ਈਟੀ ਹਾਥਿ ਕਰਹੁ ਫੁਨਿ ਨੇਤ੍ਰਉ ਨੀਦ ਨ ਆਵੈ॥*
*ਰਸਨਾ ਨਾਮੁ ਜਪਹੁ ਤਬ ਮਥੀਐ ਇਨ ਬਿਧਿ ਅੰਮ੍ਰਿਤੁ ਪਾਵਹੁ ॥੨॥*[16]

ਪ੍ਰਭੂ ਦਾ ਸਿਮਰਨ ਹੀ ਨਾਮ ਅੰਮ੍ਰਿਤ ਦੀ ਪ੍ਰਾਪਤੀ ਹੈ। ਪ੍ਰੰਤੂ ਮਾਨਵ ਆਪਣੀ ਅੰਤਰ-ਆਤਮਾ ਨੂੰ ਵਿਸਾਰਕੇ ਭਟਕਦਾ ਫਿਰਦਾ ਹੈ:

*ਸੂਹੀ ਮਹਲਾ ੧ ਘਰੁ ੨*
*ੴ ਸਤਿਗੁਰ ਪ੍ਰਸਾਦਿ॥ ਅੰਤਰਿ ਵਸੈ ਨ ਬਾਹਰਿ ਜਾਇ॥*
*ਅੰਮ੍ਰਿਤੁ ਛੋਡਿ ਕਾਹੇ ਬਿਖੁ ਖਾਇ॥*[17]

"ਨਾਮ ਅੰਮ੍ਰਿਤ" ਅਜਿਹੀ ਅਵਸਥਾ ਦੀ ਪ੍ਰਾਪਤੀ ਹੈ, ਜਿਸ ਨਾਲ ਮਨੁੱਖ ਦੀ ਆਤਮਾ ਸ਼ੁੱਧ ਹੋ ਜਾਂਦੀ ਹੈ ਤੇ ਲਿਵ ਪ੍ਰਭੂ ਨਾਲ ਜੁੜ ਜਾਂਦੀ ਹੈ। ਇਹ ਅਵਸਥਾ ਪ੍ਰਾਪਤ ਕਰਨੀ ਆਸਾਨ ਨਹੀਂ। ਇਹ ਪੈਂਡਾ ਬਿਖੜਾ ਹੈ। ਸ੍ਰੀ ਗੁਰੂ ਅਮਰਦਾਸ ਜੀ ਦਾ ਮਹਾਂਵਾਕ ਹੈ:

*ਸੁਰਿ ਨਰ ਮੁਨਿ ਜਨ ਅੰਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥*
*ਪਾਇਆ ਅੰਮ੍ਰਿਤੁ ਗੁਰਿ ਕ੍ਰਿਪਾ ਕੀਨੀ ਸਚਾ ਮਨਿ ਵਸਾਇਆ॥*
*ਜੀਅ ਜੰਤ ਸਭਿ ਤੁਧੁ ਉਪਾਏ ਇਕਿ ਵੇਖਿ ਪਰਸਣਿ ਆਇਆ।*
*ਲਬੁ ਲੋਭੁ ਅਹੰਕਾਰੁ ਚੂਕਾ ਸਤਿਗੁਰੂ ਭਲਾ ਭਾਇਆ॥*
*ਕਹੈ ਨਾਨਕੁ ਜਿਸ ਨੋ ਆਪਿ ਤੁਠਾ ਤਿਨਿ ਅੰਮ੍ਰਿਤੁ ਗੁਰ ਤੇ ਪਾਇਆ।॥੩॥*
*ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ ॥੧੪॥*[18]

"ਨਾਮ ਅੰਮ੍ਰਿਤ" ਦਾ ਮਾਰਗ ਸਿੱਖੀ ਦਾ ਮਾਰਗ ਹੈ। ਸਿੱਖੀ ਗ੍ਰਹਿਣ ਕਰਨ ਦਾ

---

16 ਉਹੀ, ਪੰ: ੭੨੮
17 ਉਹੀ, ਪੰ: ੭੨੮
18 ਉਹੀ, ਪੰ: ੯੧੮

ਭਾਵ ਸਾਰੇ ਸਦ-ਗੁਣ ਧਾਰਨ ਕਰਨਾ ਹੈ। ਪਾਪਾਂ ਭਰੀ ਦੁਨੀਆ ਵਿਚ ਅਡੋਲ ਰਹਿਕੇ ਚਲਣਾ ਖੰਡੇ ਦੀ ਤਿੱਖੀ ਤੇ ਵਾਲ ਨਾਲੋਂ ਨਿੱਕੀ ਧਾਰ ਤੇ ਤੁਰਨ ਬਰਾਬਰ ਹੈ। ਪਰ ਮਨੁੱਖ ਸੌਖੇ ਰਾਹ ਪੈ ਜਾਂਦਾ ਹੈ ਤੇ ਆਪਣੇ ਆਪ ਨੂੰ ਲੋਭ, ਲਾਲਚ ਦੇ ਹਵਾਲੇ ਕਰਕੇ "ਨਾਮ ਅੰਮ੍ਰਿਤ" ਜਿਹੀ ਦਾਤ ਵਿਸਾਰ ਦਿੰਦਾ ਹੈ। ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

*ਜੀਅਹੁ ਮੈਲੇ ਬਾਹਰਹੁ ਨਿਰਮਲ॥*
*ਬਾਹਰਹੁ ਨਿਰਮਲ ਜੀਅਹੁ ਤ ਮੈਲੇ ਤਿਨੀ ਜਨਮੁ ਜੂਐ ਹਾਰਿਆ॥*
*ਏਹ ਤਿਸਨਾ ਵਡਾ ਰੋਗੁ ਲਗਾ ਮਰਣੁ ਮਨਹੁ ਵਿਸਾਰਿਆ॥*
*ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥*
*ਕਹੈ ਨਾਨਕੁ ਜਿਨ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮੁ ਜੂਐ ਹਾਰਿਆ॥*[19]

ਜਿਹੜੇ ਲੋਕ "ਨਾਮ ਅੰਮ੍ਰਿਤ" ਤੋਂ ਵਾਂਝੇ ਰਹਿ ਜਾਂਦੇ ਹਨ ਉਹਨਾਂ ਦਾ ਜਨਮ ਅਕਾਰਥ ਹੁੰਦਾ ਹੈ ਪਰ ਜੋ "ਹਰਿ ਲਿਵ" ਵਿਚ ਲੀਨ ਹੋ ਜਾਂਦੇ ਹਨ, ਉਹ ਅੰਮ੍ਰਿਤ ਬਾਣੀ ਦਾ ਆਨੰਦ ਮਾਣਦੇ ਹਨ:

*ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨਾ ਹਰਿ ਮਨਿ ਵਸਿਆ*
*ਬੋਲਹਿ ਅੰਮ੍ਰਿਤ ਬਾਣੀ॥*
*ਕਹੈ ਨਾਨਕੁ ਸੋ ਤਤੁ ਪਾਏ ਜਿਸਨੋ ਅਨਦਿਨੁ ਹਰਿ ਲਿਵ ਲਾਗੈ*
*ਜਾਗਤ ਰੈਣਿ ਵਿਹਾਣੀ॥*[20]

"ਨਾਮ ਅੰਮ੍ਰਿਤ" ਜਾਂ ਨਾਮ ਰਸੁ ਜਾਂ 'ਹਰਿ ਰਸੁ' ਹੀ ਅਸਲੀ ਅਮੋਲਕ ਦਾਤ ਹੈ ਜੋ ਪ੍ਰਭੂ ਦੀ ਕ੍ਰਿਪਾ ਨਾਲ ਹੀ ਮਿਲਦੀ ਹੈ:

*ਏ ਰਸਨਾ ਤੂੰ ਅਨ ਰਸਿ ਰਾਚਿ ਰਹੀ ਤੇਰੀ ਪਿਆਸ ਨ ਜਾਇ॥*
*ਪਿਆਸ ਨ ਜਾਇ ਹੋਰਤੁ ਕਿਤੈ ਜਿਚਰ ਹਰਿ ਰਸੁ ਪਲੈ ਨ ਪਾਇ॥*
*ਹਰਿ ਰਸੁ ਪਾਇ ਪਲੈ ਪੀਐ ਹਰਿ ਰਸੁ ਬਹੁੜਿ ਨ ਤ੍ਰਿਸਨਾ ਲਾਗੈ ਆਇ॥*
*ਏਹੁ ਹਰਿ ਰਸੁ ਕਰਮੀ ਪਾਈਐ ਸਤਿਗੁਰੁ ਮਿਲੈ ਜਿਸੁ ਆਇ॥*
*ਕਹੈ ਨਾਨਕੁ ਹੋਰਿ ਅਨਰਸੁ ਸਭਿ ਵੀਸਰੇ ਜਾ ਹਰਿ ਵੈਸ ਮਨ ਆਇ॥*[21]

ਗੁਰੂ ਰਾਮਦਾਸ ਜੀ ਦਾ ਫੁਰਮਾਨ ਭੀ ਹੈ ਕਿ ਪ੍ਰਭੂ ਦੀ ਮਿਹਰ ਬਿਨਾ ਨਾਮ ਅੰਮ੍ਰਿਤ ਦੀ ਪ੍ਰਾਪਤੀ ਸੰਭਵ ਹੀ ਨਹੀਂ ਹੋ ਸਕਦੀ:

*ਅੰਤਰਿ ਪਿਰੀ ਪਿਆਰੁ ਕਿਉ ਪਿਰ ਬਿਨੁ ਜੀਵੀਐ ਰਾਮ॥*
*ਜਬ ਲਗੁ ਦਰਸੁ ਨ ਹੋਇ ਕਿਉ ਅੰਮ੍ਰਿਤੁ ਪੀਵੀਐ ਰਾਮ॥*[22]

ਤੇ ਫਿਰ ਕਿਹਾ ਗਿਆ ਹੈ ਵਾਹਿਗੁਰੂ ਸ਼ਬਦ ਹੀ ਗੁਰਮੁਖ ਦੀ ਪ੍ਰਾਪਤੀ ਹੈ ਤੇ ਉਸ ਸ਼ਬਦ ਨਾਲ ਹੀ ਰਾਮ ਨਾਲ ਮਿਲਾਪ ਹੁੰਦਾ ਹੈ। ਮਨਮੁਖ ਇਸ ਤੋਂ ਵੰਚਿਤ ਰਹਿੰਦਾ ਹੈ ਤੇ

---

19. ਉਹੀ, ਪੰ: ੬੧੯
20. ਉਹੀ, ਪੰ: ੬੨੦
21. ਉਹੀ, ਪੰ: ੬੨੧
22. ਉਹੀ, ਪੰਨਾ ੧੧੧੩

ਗੁਰਮੁਖ ਪ੍ਰਾਪਤ ਕਰ ਲੈਂਦਾ ਹੈ:

*ਘਰ ਹੀ ਮਹਿ ਅੰਮ੍ਰਿਤੁ ਭਰਪੂਰੁ ਹੈ ਮਨਮੁਖਾ ਸਾਦੁ ਨ ਪਾਇਆ॥*
*ਜਿਉ ਕਸਤੂਰੀ ਮਿਰਗੁ ਨ ਜਾਣੈ ਭ੍ਰਮਦਾ ਭਰਮਿ ਭੁਲਾਇਆ॥*
*ਅੰਮ੍ਰਿਤੁ ਤਜਿ ਬਿਖੁ ਸੰਗ੍ਰਹੈ ਕਰਤੈ ਆਪਿ ਖੁਆਇਆ॥*
*ਗੁਰਮੁਖਿ ਵਿਰਲੇ ਸੋਝੀ ਪਈ ਤਿਨਾ ਅੰਦਰਿ ਬ੍ਰਹਮੁ ਦਿਖਾਇਆ॥*
*ਤਨੁ ਮਨੁ ਸੀਤਲੁ ਹੋਇਆ ਰਸਨਾ ਹਰਿ ਸਾਦੁ ਆਇਆ।*
*ਸਬਦੇ ਹੀ ਨਾਉ ਊਪਜੈ ਸਬਦੇ ਮੇਲਿ ਮਿਲਾਇਆ॥*
*ਬਿਨੁ ਸਬਦੈ ਸਭੁ ਜਗੁ ਬਉਰਾਨਾ ਬਿਰਥਾ ਜਨਮੁ ਗਵਾਇਆ॥*
*ਅੰਮ੍ਰਿਤੁ ਏਕੋ ਸਬਦੁ ਹੈ ਨਾਨਕ ਗੁਰਮੁਖਿ ਪਾਇਆ॥੨॥*[23]

ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਨਾਮ ਅੰਮ੍ਰਿਤ ਦੀ ਮਹਾਨਤਾ ਬਾਰੇ ਮਨੁੱਖ ਦਾ ਮਾਰਗ ਦਰਸ਼ਨ ਕੀਤਾ ਹੈ:

*ਅੰਮ੍ਰਿਤ ਨਾਮੁ ਮੰਨਿ ਵਸਾਏ॥ ਹਉਮੈ ਮੇਰਾ ਸਭੁ ਦੁਖੁ ਗਵਾਏ॥*
*ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ॥੧॥*
*ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ॥*
*ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤ ਨਾਮੁ ਧਿਆਵਣਿਆ॥੧॥ ਰਹਾਉ॥*
*ਅੰਮ੍ਰਿਤ ਬੋਲੈ ਸਦਾ ਮੁਖਿ ਵੈਣੀ॥ ਅੰਮ੍ਰਿਤੁ ਵੇਖੈ ਸਦਾ ਨੈਣੀ॥*
*ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਣਾਵਣਿਆ॥੨॥*
*ਅੰਮ੍ਰਿਤ ਰੰਗਿ ਰਤਾ ਲਿਵ ਲਾਏ॥ ਅੰਮ੍ਰਿਤੁ ਗੁਰ ਪਰਸਾਦੀ ਪਾਏ॥*
*ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ॥੩॥*

... ... ... ... ... ... ... ...

*ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ॥ ਸਤਿਗੁਰਿ ਸੇਵਿਐ ਰਿਦੈ ਸਮਾਣੀ॥*
*ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ॥੮॥*[24]

ਨਿਰਸੰਦੇਹ "ਨਾਮ ਅੰਮ੍ਰਿਤ" ਦੀ ਪ੍ਰਾਪਤੀ ਧੀਰਜ ਨਾਲ ਹੁੰਦੀ ਹੈ। ਗੁਰਬਾਣੀ ਦਾ ਅਭਿਆਸ ਹੀ "ਨਾਮ-ਅੰਮ੍ਰਿਤ" ਦੇ ਮਾਰਗ ਵਲ ਲੈ ਜਾਂਦਾ ਹੈ। ਗੁਰੂ ਰਾਮ ਦਾਸ ਜੀ ਦਾ ਸ਼ਬਦ ਹੈ :

*ਧੀਰਜੁ ਧਰਮੁ ਗੁਰਮਤਿ ਹਰਿ ਪਾਇਆ*
*ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ॥*
*ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ*
*ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ॥*[25]

ਸ੍ਰੀ ਗੁਰੂ ਰਾਮਦਾਸ ਜੀ ਦੇ ਉਪਰੋਕਤ ਸ਼ਬਦ ਵਾਂਗ ਹੀ ਨਿਮਨਲਿਖਤ ਸ਼ਬਦ ਸੰਕੇਤ ਕਰਦਾ ਹੈ ਕਿ ਜਿਨ੍ਹਾਂ ਦੇ ਮਨ ਵਿਚ ਨਾਮ ਜਪਣ ਦਾ ਚਾਓ ਹੁੰਦਾ ਹੈ, ਉਹੀ ਅੰਮ੍ਰਿਤ ਪੀ

---

23. ਉਹੀ ਪੰਨਾ : ੬੪੪
24. ਉਹੀ ਪੰਨਾ : ੧੧੮-੧੧੯
25 ਉਹੀ, ਪੰ: ੪੯੪

ਸਕਦੇ ਹਨ :

*ਮਨਿ ਨਾਮੁ ਜਪਾਨਾ ਹਰਿ ਹਰਿ ਮਨਿਭਾਨਾ*
*ਹਰਿ ਭਗਤ ਜਨਾ ਮਨਿ ਚਾਉ ਜੀਉ ॥*
*ਜੋ ਜਨ ਮਰ ਜੀਵੇ ਤਿਨ੍ ਅੰਮ੍ਰਿਤੁ ਪੀਵੇ*
*ਮਨਿ ਲਾਗਾ ਗੁਰਮਤਿ ਭਾਉ ਜੀਉ ॥*[26]

ਇਹ ਨਾਮ ਦੀ ਕਮਾਈ ਆਦਮੀ ਦੀ ਅੰਤਰ-ਆਤਮਾ ਨੂੰ ਸ਼ੁੱਧ ਕਰਦੀ ਹੈ। ਅੰਦਰ ਦੀ ਸ਼ੁੱਧਤਾ, ਅੰਦਰਲੀ ਜੀਵਨ-ਮਰਯਾਦਾ ਹੀ ਧਾਰਮਕ ਜੀਵਨ ਦਾ ਅਸਲ ਆਧਾਰ ਹੈ। ਅੰਦਰ ਦੀ ਸ਼ੁੱਧਤਾ ਨਾਲ ਹੀ ਮਨੁੱਖ ਚੜ੍ਹਦੀ ਕਲਾ ਦਾ ਧਾਰਨੀ ਹੁੰਦਾ ਹੈ ਤੇ "ਸਰਬਤ ਦੇ ਭਲੇ" ਦੀ ਅਰਾਧਨਾ ਕਰਨ ਵਾਲਾ ਪਰਉਪਕਾਰੀ। ਅੰਦਰਲੀ ਰਹਿਤ ਕੀ ਹੈ? ਇਹ ਤਾਂ ਇਕ ਆਦਰਸ਼ ਮਨੁੱਖ ਬਣਨ ਦੀ ਤਿਆਰੀ ਹੈ। ਮਨੁੱਖ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਜਿਹੇ ਦੁਸ਼ਮਣਾਂ ਤੋਂ ਛੁਟਕਾਰਾ ਪਾਉਣ ਲਈ ਨਾਮ ਸਿਮਰਨ, ਪ੍ਰਭੂ ਉਪਰ ਵਿਸ਼ਵਾਸ਼, ਨੇਕੀ, ਚੰਗਿਆਈ ਤੇ ਲੋਕ ਕਲਿਆਣ ਦੇ ਮਾਰਗ ਉਪਰ ਚਲਕੇ ਮੰਜ਼ਿਲ ਵੱਲ ਵੱਧਦਾ ਹੈ। ਮਨ ਬਾਣੀ ਤੇ ਅਮਲਾਂ ਕਰਕੇ ਮੰਦੇ ਕਰਮਾਂ ਤੋਂ ਪੱਲਾ ਬਚਾ ਕੇ ਤੁਰਨਾ ਹੀ "ਨਾਮ-ਮਾਰਗ" ਜਾਂ "ਨਾਮ-ਅੰਮ੍ਰਿਤ" ਦੀ ਪ੍ਰਾਪਤੀ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਉੱਚੇ ਮਾਰਗ ਦੀ ਸੋਝੀ ਕਰਾਉਣ ਲਈ ਨਾਮ ਜਪਣ, ਕਿਰਤ ਕਰਨ ਤੇ ਵੰਡ-ਛਕਣ ਦਾ ਉਪਦੇਸ਼ ਦਿੱਤਾ ਤੇ ਮਨੁੱਖ ਨੂੰ ਪੰਜ ਚੋਰਾਂ ਤੋਂ ਆਪਣੀ ਆਤਮਾ ਦੀ ਰਾਖੀ ਕਰਨ ਦੀ ਚੇਤਾਵਨੀ ਦਿੱਤੀ। ਮਾੜੇ ਕੰਮਾਂ ਤੋਂ ਰੋਕਿਆ। ਪਰਾਇਆ ਹੱਕ ਖਾਣਾ "ਗਊ ਤੇ ਸੂਅਰੁ" ਬਰਾਬਰ ਦੱਸਿਆ। ਮਨ ਵਿਚ ਵਿਕਾਰ ਪੈਦਾ ਕਰਨ ਵਾਲੇ ਭੋਜਣ ਖਾਣ ਤੋਂ ਵਰਜਿਆ, ਤਨ ਨੂੰ ਤੰਗ ਕਰਨ ਵਾਲੇ ਕਪੜੇ ਪਹਿਨਣ ਤੋਂ ਰੋਕਿਆ। ਸ਼ਰਾਬ ਆਦਿ ਨਸ਼ਿਆਂ ਤੋਂ ਪਰਹੇਜ਼ ਕਰਨ ਦੀ ਹਦਾਇਤ ਕੀਤੀ। ਸਾਰੇ ਔਗੁਣਾਂ ਦਾ ਤਿਆਗ ਕਰਕੇ ਗੁਣਾਂ ਨਾਲ ਸਾਂਝ ਪਾਉਣ ਦੀ ਪ੍ਰੇਰਨਾ ਦਿੱਤੀ। ਅਸਲ ਵਿਚ ਚੰਗੇ ਗੁਣਾਂ ਦੀ ਪ੍ਰਾਪਤੀ ਲੰਬੀ ਸਾਧਨਾ ਤੋਂ ਬਿਨਾਂ ਸੰਭਵ ਨਹੀਂ। ਸੁਆਦਾਂ ਦੀ ਦੁਨੀਆ ਤੋਂ ਉੱਪਰ ਉੱਠਣ ਦੀ ਲੋੜ ਹੁੰਦੀ ਹੈ ਤਾਂ ਹੀ ਮਨੁੱਖ ਸਹੀ ਮਾਰਗ ਤੇ ਨਿਰਲੇਪ ਹੋਕੇ ਤੁਰ ਸਕਦਾ ਹੈ।

"ਨਾਮ-ਅੰਮ੍ਰਿਤ" ਦਾ ਪਾਂਧੀ ਸੱਚੇ ਅਰਥਾਂ ਵਿਚ ਗੁਰਮੁਖ ਹੁੰਦਾ ਹੈ ਤੇ ਬ੍ਰਹਮ ਗਿਆਨੀ ਦੀ ਪਦਵੀ ਪ੍ਰਾਪਤ ਕਰਦਾ ਹੈ। ਭਾਈ ਗੁਰਦਾਸ ਜੀ ਕਹਿੰਦੇ ਹਨ :

*ਗੁਰਮੁਖਿ ਮਾਰਗੁ ਆਖੀਐ ਗੁਰਮਤਿ ਹਿਤਕਾਰੀ।*
*ਹੁਕਮਿ ਰਜਾਈ ਚਲਣਾ ਗੁਰ ਸ਼ਬਦ ਵੀਚਾਰੀ ॥*
*ਭਾਣਾ ਭਾਵੈ ਖਸਮ ਕਾ ਨਿਹਚਉ ਨਿਰੰਕਾਰੀ।*
*ਇਸ਼ਕ ਮੁਸਕ ਮਹਕਾਰੁ ਹੈ ਹੁਇ ਪਰਉਪਕਾਰੀ।*
*ਸਿਦਕ ਸਬੂਰੀ ਸਾਬਤੇ ਮਾਣੀ ਹੁਸੀਆਰੀ।*
*ਗੁਰਮੁਖਿ ਆਪੁ ਗਵਾਇਆ ਜਿਨਿ ਹਉਮੈ ਮਾਰੀ ॥*[27]

---

26 ਉਹੀ, ਪੰ: ੪੪੨

27. ਵਾਰਾਂ, ਭਾਈ ਗੁਰਦਾਸ, ਵਾਰ ਦੋ, ਪਉੜੀ ੩

ਅਜਿਹਾ ਗੁਰਮੁਖਿ ਇਕ ਆਦਰਸ਼ ਮਨੁੱਖ ਹੁੰਦਾ ਹੈ। ਭਾਈ ਸਾਹਿਬ ਅਜਿਹੇ ਵਿਅਕਤੀ ਤੋਂ ਸਦਕੇ ਜਾਂਦੇ ਹਨ :

*ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਨਾਰੀ ਦੇ ਨੇੜਿ ਨ ਜਾਵੈ।*
*ਹਉ ਤਿਸੁ ਘੋਲਿ ਘੁਮਾਇਆ ਪਰ ਦਰਬੈ ਨੋ ਹਥੁ ਨ ਲਾਵੈ॥*
*ਹਉ ਤਿਸੁ ਘੋਲਿ ਘੁਮਾਇਆ ਪਰ ਨਿੰਦਾ ਸੁਣਿ ਆਪੁ ਹਟਾਵੈ।*
*ਹਉ ਤਿਸੁ ਘੋਲਿ ਘੁਮਾਇਆ ਸਤਿਗੁਰ ਦਾ ਉਪਦੇਸ਼ ਕਮਾਵੈ।*
*ਹਉ ਤਿਸ ਘੋਲਿ ਘੁਮਾਇਆ ਥੋੜਾ ਸਵੈ ਥੋੜਾ ਹੀ ਖਾਵੈ।*
*ਗੁਰਮੁਖਿ ਸੋਈ ਸਹਿਜ ਸਮਾਵੈ।*[28]

ਇਹ 'ਗੁਰਮੁਖ' ਦੀ ਜਾਂ 'ਬ੍ਰਹਮ ਗਿਆਨੀ' ਦੀ ਅਵਸਥਾ ਤਦ ਹੀ ਪ੍ਰਾਪਤ ਹੁੰਦੀ ਹੈ ਜੇਕਰ "ਆਤਮਾ ਸ਼ੁੱਧ" ਹੋ ਜਾਵੇ ਤੇ ਸਤਿਗੁਰੂ ਦੀ ਮਿਹਰ ਵੀ ਹੋਵੇ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ :

*ਬ੍ਰਹਮ ਗਿਆਨੀ ਨਿਰਮਲ ਤੇ ਨਿਰਮਲਾ। ਜੈਸੇ ਮੈਲੁ ਨ ਲਾਗੈ ਜਲਾ॥*
*ਬ੍ਰਹਮ ਗਿਆਨੀ ਕੈ ਮਨਿ ਹੋਇ ਪ੍ਰਗਾਸੁ॥ ਜੈਸੇ ਧਰ ਊਪਰਿ ਆਕਾਸੁ॥*
*ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰੁ ਸਮਾਨਿ॥ ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ॥*
*ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥*
*ਬ੍ਰਹਮ ਗਿਆਨੀ ਸੇ ਜਨ ਭਏ। ਨਾਨਕ ਜਿਨ ਪ੍ਰਭੁ ਆਪਿ ਕਰੇਇ।*[29]

ਅਸਲ ਵਿਚ ਪ੍ਰਮਾਤਮਾ ਦੇ ਇਸ ਜਗਤ ਵਿਚ ਅਨੇਕਾਂ ਪਦਾਰਥਾਂ ਦੇ ਹੁੰਦਿਆ ਹੋਇਆਂ ਵੀ ਨਾਮ-ਅੰਮ੍ਰਿਤ ਤੁੱਲ ਕੋਈ ਹੋਰ ਵਸਤੂ ਨਹੀਂ ਹੈ। ਦੁਨੀਆਂ ਦੇ ਸਭ ਪਦਾਰਥ ਜ਼ਹਿਰ ਨਿਆਈਂ ਹਨ, ਪ੍ਰੰਤੂ ਵਾਹਿਗੁਰੂ ਸਿਮਰਣ ਅੰਮ੍ਰਿਤ ਬਰਾਬਰ ਹੈ :

*ਹਰਿ ਨਾਮੁ ਧਨੁ ਨਿਰਮਲੁ ਅਤਿ ਅਪਾਰਾ॥*
*ਗੁਰ ਕੈ ਸਬਦਿ ਭਰੇ ਭੰਡਾਰਾ॥*
*ਨਾਮ ਧਨ ਬਿਨੁ ਹੋਰ ਸਭ ਬਿਖੁ ਜਾਣੁ॥*
*ਮਾਇਆ ਮੋਹਿ ਜਲੈ ਅਭਿਮਾਨੁ।*[30]

*ਜਗੁ ਮੈਲਾ ਮੈਲੋ ਹੋਇ ਜਾਇ॥ ਆਵੈ ਜਾਇ ਦੂਜੈ ਲੋਭਾਇ॥*
*ਦੂਜੈ ਭਾਇ ਸਭ ਪਰਜ ਵਿਗੋਈ॥ ਮਨਮੁਖਿ ਚੋਟਾ ਖਾਇ ਅਪੁਨੀ ਪਤਿ ਖੋਈ॥*
*ਗੁਰ ਸੇਵਾ ਤੇ ਜਨੁ ਨਿਰਮਲੁ ਹੋਇ॥*
*ਅੰਤਰਿ ਨਾਮੁ ਵਸੈ ਪਤਿ ਊਤਮ ਹੋਇ॥ ਰਹਾਉ॥*

---

28. ਉਹੀ, ਵਾਰ ੧੨ ਪਉੜੀ ੪
29. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਗਉੜੀ ਸੁਖਮਨੀ ਮ: ੫, ਪੰਨਾ ੨੭੨
30. ਉਹੀ, ਪੰਨਾ ੬੬੪

*ਗੁਰਮੁਖਿ ਉਬਰੇ ਹਰਿ ਸਰਣਾਈ॥*
*ਰਾਮ ਨਾਮਿ ਰਾਤੇ ਭਗਤਿ ਦ੍ਰਿੜਾਈ॥*
*ਭਗਤਿ ਕਰੇ ਜਨੁ ਵਡਿਆਈ ਪਾਏ॥*
*ਸਾਚਿ ਰਤੇ ਸੁਖ ਸਹਿਜ ਸਮਾਏ॥ ੨॥*[31]

"ਨਾਮ-ਅੰਮ੍ਰਿਤ" ਪੀਣਾ ਮਨੁੱਖ ਦਾ ਉਦੇਸ਼ ਹੈ ਕਿਉਂਕਿ ਮਨੁਖ ਨੂੰ ਇਹ ਉਚੇਰੀ ਅਵਸਥਾ ਵੱਲ ਲੈ ਜਾਂਦਾ ਹੈ। ਆਦਮੀ ਦੁੱਖਾਂ-ਭੁੱਖਾਂ ਤੋਂ ਉਪਰ ਉੱਠਕੇ ਤ੍ਰਿਪਤੀ ਪਾਉਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਰਾਗੁ ਮਾਝ ਵਿਚ ਲਿਖਦੇ ਹਨ :

*ਅੰਮ੍ਰਿਤ ਨਾਮੁ ਸਦਾ ਨਿਰਮਲੀਆ॥ ਸੁਖਦਾਈ ਦੂਖ ਬਿਡਾਰਨ ਹਰੀਆ॥*
*ਅਵਰਿ ਸਾਦ ਚਖਿ ਸਗਲੇ ਦੇਖੇ ਮਨ ਹਰਿ ਰਸੁ ਸਭ ਤੇ ਮੀਠਾ ਜੀਉ॥੧॥*
*ਜੋ ਜੋ ਪੀਵੈ ਸੋ ਤ੍ਰਿਪਤਾਵੈ॥ ਅਮਰੁ ਹੋਵੈ ਜੋ ਨਾਮ ਰਸੁ ਪਾਵੈ॥*
*ਨਾਮ ਨਿਧਾਨ ਤਿਸਹਿ ਪਰਾਪਤਿ ਜਿਸੁ ਸਬਦੁ ਗੁਰੂ ਮਨਿ ਵੂਠਾ ਜੀਉ॥੨॥*[32]

ਸ੍ਰੀ ਗੁਰੂ ਰਾਮ ਦਾਸ ਜੀ ਵੀ ਧਨਾਸਰੀ ਰਾਗੁ ਵਿਚ ਕਹਿੰਦੇ ਹਨ :

*ਹਰਿ ਹਰਿ ਸਫਲਿਓ ਬਿਰਖੁ ਪ੍ਰਭ ਸੁਆਮੀ ਜਿਨ ਜਪਿਓ ਸੋ ਤ੍ਰਿਪਤਾਨੀ॥*
*ਹਰਿ ਹਰਿ ਅੰਮ੍ਰਿਤ ਪੀ ਤ੍ਰਿਪਤਾਸੇ ਸਭ ਲਾਥੀ ਭੂਖ ਭੁਖਾਨੀ॥*[33]

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੀ ਆਤਮਕ ਸ਼ੁਧੀ ਦਾ ਮਾਰਗ ਨਾਮ-ਅੰਮ੍ਰਿਤ ਹੀ ਹੈ। ਨਾਮ ਸਿਮਰਨਾ ਹੀ ਸਭ ਔਗੁਣਾਂ ਤੋਂ ਛੁਟਕਾਰਾ ਦੁਆਉਣ ਲਈ ਇਕੋ ਇਕ ਔਸ਼ੁਧੀ ਹੈ। ਮਨੁੱਖ ਦੀ ਭਟਕਣ ਦਾ ਖਾਤਮਾ ਕੇਵਲ ਨਾਮ ਰੂਪੀ ਅੰਮ੍ਰਿਤ ਪੀਕੇ ਖਤਮ ਹੋ ਸਕਦੀ ਹੈ। ਵਿਅਕਤੀਗਤ ਜੀਵਨ ਦੀ ਸੋਧ ਲਈ ਸਦ-ਗੁਣ ਗ੍ਰਹਿਣ ਕਰਕੇ ਤੇ ਅਵਗੁਣਾਂ ਦਾ ਤਿਆਗ ਜ਼ਰੂਰੀ ਹੈ। ਇਹ ਨਾਮ-ਅੰਮ੍ਰਿਤ ਦਾ ਮਾਰਗ ਹੈ, ਇਹੋ ਅੰਦਰਲੀ ਰਹਿਤ ਹੈ। ਇਹ ਰਹਿਤ ਸੰਗਤ ਵਿਚ ਸਿੱਖੀ ਤੇ ਕਮਾਈ ਜਾਂਦੀ ਹੈ। ਇਸ ਲਈ ਸਤਿਸੰਗ ਕਰਨ ਨੂੰ ਰਹਿਤ ਦਾ ਮੁੱਖ ਅੰਗ ਮੰਨਿਆ ਗਿਆ ਹੈ।[34]

ਅੰਦਰਲੀ ਰਹਿਤ ਹੀ ਜੀਵਨ ਮਰਯਾਦਾ ਹੈ। "ਸਭ ਕਿਛ ਜਾਨੈਂ ਆਤਮ ਕੀ ਰਹਤ" ਦਾ ਫੁਰਮਾਨ ਇਹੋ ਸਪਸ਼ਟ ਕਰਦਾ ਹੈ। ਪ੍ਰੰਤੂ ਇਹ ਆਖਰੀ ਪੱੜਾ ਨਹੀਂ ਹੈ। ਗੁਰੂ ਸਾਹਿਬਾਨ ਵਲੋਂ 'ਨਾਮ-ਅੰਮ੍ਰਿਤ' ਦੀ ਦਾਤ ਦੀ ਬਖ਼ਸ਼ਿਸ਼ ਕੋਈ ਲਗਭਗ ੨੦੦ ਸਾਲ ਕੀਤੀ ਜਾਂਦੀ ਰਹੀ। ਫਿਰ ਵੀ ਦਸਵੇਂ ਗੁਰੂ ਜੀ ਨੂੰ "ਬਾਹਰਲੀ ਰਹਿਤ ਮਰਯਾਦਾ" ਸਥਾਪਿਤ ਕਰਨੀ ਪਈ ਤੇ "ਸੰਗਤ ਕੀਨੀ ਖਾਲਸਾ" ਦੇ ਇਨਕਲਾਬੀ ਕਦਮ ਨਾਲ "ਖੰਡੇ ਦਾ ਪਾਹੁਲ" ਜਾਂ ਅੰਮ੍ਰਿਤ ਛਕਾ ਕੇ ਆ ਸਕਣ ਵਾਲੀ ਢਿੱਲ-ਮੱਠ, ਕਮਜ਼ੋਰੀ ਜਾਂ ਆਲਸ ਨੂੰ ਸਮਾਪਤ ਕਰ ਦਿੱਤਾ।

ਬਹੁਤ ਲੋਕਾਂ ਨੂੰ "ਨਾਮ-ਅੰਮ੍ਰਿਤ" ਤੇ "ਖੰਡੇ ਦਾ ਅੰਮ੍ਰਿਤ" ਜਿਹੇ ਸੰਕਲਪ ਸਪਸ਼ਟ

---

31. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਮਹਲਾ ੩, ਪੰ. ੬੬੪
32. ਉਹੀ, ਪੰਨਾ ੧੦੦-੧੦੧
33. ਉਹੀ, ਪੰ. ੬੬੭
34. ਪਦਮ, ਪਿਆਰਾ ਸਿੰਘ, ਰਹਿਤਨਾਮੇ, ਪ. ੨੧

ਨਹੀਂ ਹਨ। ਪ੍ਰੋ. ਪਿਆਰਾ ਸਿੰਘ ਪਦਮ "ਨਾਮ-ਅੰਮ੍ਰਿਤ" ਨੂੰ ਅੰਦਰਲੀ ਰਹਿਤ ਕਹਿੰਦੇ ਹਨ ਤੇ "ਖੰਡੇ ਦਾ ਅੰਮ੍ਰਿਤ" ਉਹਨਾਂ ਲਈ ਬਾਹਰਲੀ ਰਹਿਤ-ਮਰਯਾਦਾ ਹੈ। ਪਦਮ ਸਾਹਿਬ ਲਿਖਦੇ ਹਨ : 'ਸੰਗਤ' ਸਿੱਖ ਜਥੇਬੰਦੀ ਦਾ ਮੁੱਢਲਾ ਰੂਪ ਸੀ ਜੋ ਗੁਰੂਆਂ ਦੀ ਅਗਵਾਈ ਵਿਚ ਪ੍ਰਫੁੱਲਤ ਹੋਇਆ, ਇਸਨੂੰ ਸਤਿਗੁਰੂ "ਵਿਚਿ ਸੰਗਤ ਹਰਿ ਪ੍ਰਭ ਵਸੈ ਜੀਉ" ਕਹਿਕੇ ਤੇ "ਗੁਰੂ ਵੀਹ ਵਿਸਵੇ ਤੇ ਸੰਗਤ ਇੱਕੀ ਵਿਸਵੇ" ਪ੍ਰਚਾਰ ਕੇ ਵਡਿਆਉਂਦੇ ਸਨ। ਜੋਤਿ ਗੁਰਸ਼ਬਦ ਵਿਚ ਤੇ ਜੁਗਤਿ ਸੰਗਤਿ ਵਿਚ ਵਰਤਦੀ ਸੀ। ਇਹ ਜੁਗਤਿ ਜਾਂ ਅਗਵਾਈ ਕਈ ਵਾਰ ਗੁਰੂ ਸਾਹਿਬਾਨ ਦੇ ਪ੍ਰਤਿਨਿਧ ਮਸੰਦ ਵੀ ਆਪਣੇ ਆਪਣੇ ਇਲਾਕੇ ਵਿਚ ਸੰਗਤ ਨੂੰ ਦਿੰਦੇ ਰਹਿੰਦੇ ਸਨ, ਪਰ ਮਸੰਦ ਪ੍ਰਣਾਲੀ ਛੇਤੀ ਹੀ ਮਲੀਨ ਹੋ ਗਈ।[35] ਮਸੰਦ ਪ੍ਰਥਾ ਦੀ ਅਧੋਗਤੀ ਨੇ ਹੀ ਗੁਰੂ ਗੋਬਿੰਦ ਸਿੰਘ ਜੀ ਨੂੰ ਸਿੱਖਾਂ ਵਿਚ ਨਵਾਂ ਧਾਰਮਕ-ਸਮਾਜਿਕ ਇਨਕਲਾਬ ਲਿਆਉਣ ਲਈ ਸੋਚਣ ਤੇ ਮਜਬੂਰ ਕੀਤਾ। 'ਨਾਮ-ਅੰਮ੍ਰਿਤ' ਦਾ ਕਿਵੇਂ "ਖੰਡੇ ਦਾ ਅੰਮ੍ਰਿਤ" ਵਿਚ ਰੂਪ ਪ੍ਰੀਵਰਤਣ ਹੋਇਆ, ਇਹ ਸਿੱਖ ਇਤਿਹਾਸ ਦੀ ਗੌਰਵਮਈ ਗਾਥਾ ਹੈ। ਜਿਵੇਂ 'ਫੁੱਲ' ਦੀ ਪੂਰਤੀ 'ਫਲ' ਬਿਨਾਂ ਅਧੂਰੀ ਹੈ। ਜਾਂ ਜਿਵੇਂ ਫਸਲ ਕਿਤਨੀ ਵੀ ਭਰਪੂਰ ਕਿਉਂ ਨਾ ਹੋਵੇ, ਉਹ ਵਾੜ ਤੋਂ ਬਿਨਾਂ ਬਚਾਉਣੀ ਸੰਭਵ ਨਹੀਂ ਸੀ। "ਨਾਮ-ਅੰਮ੍ਰਿਤ" ਦੀ ਖੇਤੀ ਦਸਵੇਂ ਪਾਤਸ਼ਾਹ ਨੇ "ਖੰਡੇ ਦੇ ਅੰਮ੍ਰਿਤ" ਨਾਲ ਸਰਬ-ਕਾਲ ਦੀ ਹਾਣੀ ਬਣਾ ਦਿੱਤੀ। ਇਸ ਪੱਖ ਤੋਂ "ਨਾਮ-ਅੰਮ੍ਰਿਤ-ਖੰਡੇ ਦਾ ਅੰਮ੍ਰਿਤ" ਇਕ ਹੀ ਲੜੀ ਦੇ ਦੋ ਮਾਣਕ ਹਨ। ਇਹਨਾਂ ਨੂੰ ਵੱਖ ਵੱਖ ਕਰਕੇ ਵੇਖਿਆ ਨਹੀਂ ਜਾ ਸਕਦਾ। ਮਨੁੱਖ ਦੀ ਘਾਲ ਕਮਾਈ ਦੀ ਸਿਖਰ ਖੰਡੇ ਦੇ ਅੰਮ੍ਰਿਤ ਨਾਲ ਪੂਰਨਤਾ ਨੂੰ ਪ੍ਰਾਪਤ ਹੁੰਦੀ ਹੈ।

ਡਾ: ਪ੍ਰਮਜੀਤ ਕੌਰ ਆਪਣੇ ਲੇਖ ਵਿਚ ਕੁਝ ਟਪਲਾ ਖਾ ਗਈ ਹੈ। ਉਹ ਲਿਖਦੀ ਹੈ: "ਨਾਮ-ਅੰਮ੍ਰਿਤ ਦੀ ਪ੍ਰਾਪਤੀ ਹੀ ਜੀਵਨ ਦਾ ਲਕਸ਼ ਹੈ ਅਤੇ ਅਕਾਲ ਪੁਰਖ ਦੀ ਕਿਰਪਾ ਨਾਲ ਗੁਰਮਤਿ ਉਤੇ ਚੱਲਿਆ ਇਹ ਦਾਤ ਮਿਲਦੀ ਹੈ ਤਾਂ ਫਿਰ ਖੰਡੇ ਦਾ ਅੰਮ੍ਰਿਤ ਛਕਣਾ ਕਿਉਂ ਜ਼ਰੂਰੀ ਹੈ? ਇਹ ਸਵਾਲ ਅੱਜ ਬਾਰ-ਬਾਰ ਉਠਾਇਆ ਜਾ ਰਿਹਾ ਹੈ। ਅਸਲ ਵਿਚ ਖੰਡੇ-ਬਾਟੇ ਦੀ ਪਾਹੁਲ ਨਾਮ-ਅੰਮ੍ਰਿਤ ਦੀ ਪ੍ਰਾਪਤੀ ਦਾ ਪਹਿਲਾ ਚਰਣ ਹੈ।"[36]

ਅਸਲੀਅਤ ਇਸ ਦੇ ਉਲਟ ਹੈ। 'ਨਾਮ-ਅੰਮ੍ਰਿਤ' ਨਾਲ ਸਰਸ਼ਾਰ ਹੋਇਆ ਮਨੁੱਖ ਹੀ "ਖੰਡੇ ਦਾ ਅੰਮ੍ਰਿਤ" ਛਕਣ ਦਾ ਅਧਿਕਾਰੀ ਹੋ ਸਕਦਾ ਹੈ। ਖੰਡੇ ਦਾ ਅੰਮ੍ਰਿਤ ਛਕਣਾ ਕੇਵਲ ਪੰਜ ਕਕਾਰੀ ਹੋਣਾ ਹੀ ਨਹੀਂ ਹੈ, ਸਗੋਂ ਨਾਮ-ਅੰਮ੍ਰਿਤ ਦੀ ਮਰਯਾਦਾ ਦਾ ਪਹਿਲਾ ਧਾਰਨੀ ਹੋਣਾ ਤਾਂ ਮੁੱਢਲੀ ਸ਼ਰਤ ਹੈ। ਸਿੱਖੀ ਰਹਿਤ ਜਾਂ ਭੇਖ ਨਹੀਂ। ਬਾਣੇ ਦੀ ਸਿੱਖੀ ਰਹਿਤ ਮਰਯਾਦਾ ਤੋਂ ਬਿਨਾਂ ਅਧੂਰੀ ਹੀ ਹੈ। ਇਸੇ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖੀ ਦੀ ਰਹਿਤ-ਮਰਯਾਦਾ ਦਾ ਵਿਧਾਨ ਤਿਆਰ ਕੀਤਾ। ਇਸ ਵਰਤਾਰੇ ਨੂੰ ਜੇ ਇਤਿਹਾਸਕ ਪ੍ਰਕਰਣ ਵਿਚ ਵਿਚਾਰਿਆ ਜਾਵੇ ਤਾਂ 'ਨਾਮ-ਅੰਮ੍ਰਿਤ' ਪਹਿਲੀ ਪੌੜੀ ਹੈ ਤੇ ਇਸਦੀ ਪੂਰਕ ਜਾਂ ਸਿਖਰਲੀ ਪੌੜੀ ਹੈ "ਖੰਡੇ ਦਾ ਅੰਮ੍ਰਿਤ।"

ਜੇ ਸਿੱਖ ਇਤਿਹਾਸ ਦੇ ਪਰਿਪੇਖ ਵਿਚ ਵੇਖੀਏ ਤਾਂ ਗੁਰੂ ਨਾਨਕ ਦੇਵ ਜੀ ਦੇ 'ਨਿਰਮਲ ਪੰਥ' ਦੀ ਗਾਥਾ "ਨਾਮ-ਅੰਮ੍ਰਿਤ" ਦੇ ਸੰਚਾਰ ਰਾਹੀਂ ਨਿਰੰਤਰ ਵਿਕਾਸ ਕਰਦੀ

35. ਉਹੀ, ਪੰ. ੨੧

36. ਡਾ. ਪਰਮਜੀਤ ਕੌਰ, ਗੁਰਮਤਿ ਪ੍ਰਕਾਸ਼, ਅਕਤੂਬਰ ੧੯੯੮, ਪੰ ੬੪

ਹੋਈ "ਖਾਲਸ ਪੰਥ" ਦੀ ਸਿਖਰ ਤਕ ਪੁੱਜੀ ਤੇ ਇਹ ਕਰਾਮਾਤ 'ਖੰਡੇ ਦੇ ਅੰਮ੍ਰਿਤ' ਕਾਰਨ ਹੀ ਇਤਿਹਾਸ ਦਾ ਅਨਿਖੱੜ ਅੰਗ ਬਣੀ। ਇਸ ਗੱਲ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਸਿੱਖ ਮੱਤ ਇਕ ਨਿਰੰਤਰ ਸਿਲਸਿਲਾ ਹੈ। ਕਈ ਵਿਚਾਰਵਾਨਾਂ ਨੇ ਇਸ ਤੱਥ ਅਤੇ ਵਿਚਲੇ ਤੱਤ ਨੂੰ ਸਮਝਣ ਵਿਚ ਜ਼ਰੂਰ ਭੁਲੇਖਾ ਖਾਧਾ ਹੈ, ਪਰ ਅਸਲੀਅਤ ਇੰਝ ਨਹੀਂ ਹੈ। ਪ੍ਰਬੁੱਧ ਵਿਚਾਰਵਾਨਾਂ ਨੂੰ ਨਾ ਤਾਂ ਕਿਤੇ ਵਿਰੋਧ ਭਾਸਦਾ ਹੈ ਤੇ ਨਾ ਹੀ ਕੋਈ ਭੇਦ-ਭਿੰਨਤਾ। ਹਕੀਕਤ ਇਹ ਹੈ ਕਿ "ਦਸ-ਰੂਪ ਇਕ ਜੋਤਿ" ਸਿੱਖ ਗੁਰੂ ਸਾਹਿਬਾਨ ਦੀ ਨਿਰੰਤਰਤਾ ਨੂੰ ਸਾਕਾਰ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਸੰਗਤਾਂ ਨੂੰ 'ਨਾਮ' ਦਾ ਅੰਮ੍ਰਿਤ ਬਖ਼ਸ਼ਿਆ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਵਖਰੀ ਪਹਿਚਾਣ ਦੇਣ ਲਈ 'ਨਾਮ-ਅੰਮ੍ਰਿਤ' ਦੇ ਅਭਿਲਾਸ਼ੀਆਂ ਨੂੰ 'ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਇਕ ਨਵੇਂ ਅਨੁਸ਼ਾਸਨ ਦੇ ਸੂਤਰ ਵਿਚ ਪਰੋਇਆ।' "ਖੰਡੇ ਦਾ ਅੰਮ੍ਰਿਤ" ਧਾਰਨ ਕਰਨ ਦਾ ਦਾਅਵੇਦਾਰ ਉਹੀ ਹੋ ਸਕਦਾ ਹੈ ਜੋ "ਨਾਮ-ਅੰਮ੍ਰਿਤ" ਦੀ ਦਾਤ ਨਾਲ ਵਰੋਸਾਇਆ ਗਿਆ ਹੋਵੇ। ਉਦਾਹਰਣ ਵਜੋਂ ਜੇ ਗੁਰੂ ਨਾਨਕ ਦੇਵ ਜੀ ਨੇ ਇਕ ਪ੍ਰਮਾਤਮਾ ਦੀ ਅਰਾਧਨਾ ਵੱਲ ਪ੍ਰੇਰਿਆ ਤੇ ਦੇਵੀ ਦੇਵਤਿਆਂ, ਅਵਤਾਰਵਾਦ, ਦਾਨ-ਪੁੰਨ, ਤੀਰਥ-ਯਾਤਰਾਵਾਂ ਤੇ ਵੇਦਾਂ ਸ਼ਾਸ਼ਤਰਾਂ ਦੀ ਵਡਿਆਈ ਨੂੰ ਨਿਰਾਰਥਕ ਦੱਸਿਆ, ਜੇਕਰ ਮਨੁੱਖ ਪ੍ਰਭੂ ਸਿਮਰਣ ਜਾਂ "ਨਾਮ-ਅੰਮ੍ਰਿਤ" ਤੋਂ ਵਾਂਝਾ ਹੈ। ਉਹਨਾਂ ਲਿਖਿਆ ਹੈ:

*ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥*
*ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥*[37] (ਸੋਰਠਿ ਮਹਲਾ ੧)

ਇਸ ਤਰ੍ਹਾਂ ਹੀ ਗੁਰੂ ਅਮਰਦਾਸ ਜੀ ਨੇ ਵੀ ਸਿੱਖਾਂ ਨੂੰ ਹੁਕਮ ਕੀਤਾ ਹੈ :

*ਆਵਹੁ ਸਿਖ ਸਤਿਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥*
... .... .... .... .... .... ....
*ਪੀਵਹੁ ਅੰਮ੍ਰਿਤੁ ਸਦਾ ਰਹਹੁ ਹਰਿ ਰੰਗਿ ਜਪਿਹੁ ਸਾਰਿਗਪਾਣੀ॥*[38]

ਗੁਰੂ ਗੋਬਿੰਦ ਸਿੰਘ ਜੀ ਵਲੋਂ ਖੰਡੇ ਬਾਟੇ ਦਾ ਅੰਮ੍ਰਿਤ ਛਕਾਉਣਾ ਗੁਰੂ ਨਾਨਕ ਦੇ ਮਾਰਗ ਦਾ ਨਿਰੰਤਰ ਵਿਕਾਸ ਹੈ ਕੋਈ ਵੱਖਰੀ ਦਿਸ਼ਾ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਇਹੋ ਸਿੱਖਿਆ ਦਿੱਤੀ ਹੈ ਕਿ ਅਸਲੀ ਤੀਰਥ ਇਸ਼ਨਾਨ ਤਾਂ ਮਨ ਤੇ ਇੰਦਰੀਆਂ ਤੇ ਕਾਬੂ ਪਾਉਣਾ ਹੈ ਤੇ ਕਰਤਾਰ ਦੀ ਕ੍ਰਿਪਾ ਤੋਂ ਬਿਨਾਂ ਸਭ ਕੁੱਝ ਵਿਅਰਥ ਹੈ:

*ਤੀਰਥ ਨਾਨ ਦਇਆ ਦਮ ਦਾਨ, ਸੁ ਸੰਜਮ ਨੇਮ ਅਨੇਕ ਬਿਸੇਖੈ।*
*ਬੇਦ ਪੁਰਾਨ ਕਤੇਬ ਕੁਰਾਨ, ਜ਼ਿਮੀਨ ਜ਼ਮਾਨ ਸਬਾਨ ਕੇ ਪੇਖੇ।*
*ਪਉਨ ਅਹਾਰ ਜਤੀ ਜਤਧਾਰਿ, ਸਬੈ ਸੁਬਿਚਾਰ ਹਜ਼ਾਰਕ ਦੇਖੈ।*
*ਸ੍ਰੀ ਭਗਵਾਨ ਭਜੇ ਬਿਨੁ ਭੂਪਤਿ ਏਕ ਰਤੀ ਬਿਨੁ, ਏਕ ਨ ਲੇਖੈ।*[39]

ਹੁਣ ਪ੍ਰਸ਼ਨ ਇਹ ਉੱਠਦਾ ਹੈ ਕਿ ਜੇ ਨਿਸ਼ਾਨਾ ਇਕ ਹੈ ਤਾਂ "ਨਾਮ-ਅੰਮ੍ਰਿਤ" ਤੇ

37. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰ. ੬੩੭
38. ਉਹੀ, ਪੰ. ੯੨੦
39. ਸ਼ਬਦਾਰਥ ਦਸਮ ਗ੍ਰੰਥ ਸਾਹਿਬ, ਪੋਥੀ ਪਹਿਲੀ (ਸੰ. ਭਾਈ ਰਣਧੀਰ ਸਿੰਘ), ਅਕਾਲ ਉਸਤਤਿ, ਪੰ. ੨੦

"ਖੰਡੇ ਦੇ ਅੰਮ੍ਰਿਤ" ਵਿਚ ਅੰਤਰ ਕੀ ਹੈ? ਇਥੇ ਇਹ ਕਹਿਣਾ ਕਾਫੀ ਹੈ ਕਿ ਦੋਹਾਂ ਹਾਲਤਾਂ ਵਿਚ ਮਨੁੱਖ ਨੂੰ ਆਪਣੀ ਅੰਤਰ-ਆਤਮਾ ਦੀ ਸ਼ੁੱਧਤਾ ਸਰਵ-ਸ੍ਰੇਸ਼ਟ ਹੈ, ਪ੍ਰੰਤੂ ਖੰਡੇ ਬਾਟੇ ਦਾ ਅੰਮ੍ਰਿਤ ਛਕਣ ਨਾਲ ਸਿੱਖ ਦਾ ਇਕ ਵਿਸ਼ੇਸ਼ ਲਿਬਾਸ ਤੇ ਬਾਣਾ ਜ਼ਰੂਰੀ ਅੰਗ ਬਣ ਜਾਂਦਾ ਹੈ। ਇਹ ਤਬਦੀਲੀ ਇਤਿਹਾਸਕ ਲੋੜ ਵੀ ਸੀ ਤੇ ਮਨੋਵਿਗਿਆਨਕ ਜੁਗਤੀ ਵੀ। ਮਸੰਦ-ਪ੍ਰਥਾ ਦੇ ਨਿਘਾਰ ਕਾਰਨ, ਔਰੰਗਜ਼ੇਬ ਦੀ ਕਟੱੜ ਧਾਰਮਕ ਨੀਤੀ ਦੇ ਜਬਰ ਕਾਰਨ ਤੇ ਪਹਾੜੀ ਰਾਜਿਆਂ ਤੇ ਆਮ ਹਿੰਦੂਆਂ ਦਾ ਜ਼ਾਤ-ਪਾਤ ਦੇ ਜਾਲ ਵਿਚ ਫਸੇ ਰਹਿਣਾ ਬਹੁਤ ਵੱਡੀਆਂ ਵੰਗਾਰਾਂ ਸਨ। ਸਿੱਖਾਂ ਵਿਚ ਕਮਜ਼ੋਰੀ ਆ ਰਹੀ ਸੀ ਤੇ ਇਸ ਕਮਜ਼ੋਰੀ ਨੂੰ ਦੂਰ ਕਰਨ ਲਈ ਤੇ ਦੇਵੀ ਦੇਵਤਿਆਂ ਦੀ ਭਰਮ-ਜਕੜ ਦਾ ਜੂਲਾ ਲਾਹੁਣ ਲਈ ਸਿੱਖਾਂ ਨੂੰ "ਖੰਡੇ ਦਾ ਅੰਮ੍ਰਿਤ" ਛਕਾ ਕੇ ਇਕ ਆਦਰਸ਼ ਮਨੁੱਖ ਦਾ ਸੰਕਲਪ ਪੇਸ਼ ਕੀਤਾ ਗਿਆ। ਮਨੁੱਖ ਦੀ ਬਰਾਬਰੀ, ਨਿਡੱਰਤਾ, ਨਿਰਭੈਤਾ, ਨਾਮ ਸਿਮਰਣ ਜਿਹੇ ਗੁਣਾਂ ਦਾ ਸੰਚਾਰ ਤਦ ਹੀ ਸੰਭਵ ਸੀ ਜੇ ਕਰ ਅਖੌਤੀ ਗੱਦੀਧਾਰੀਆਂ ਨੂੰ ਵੰਗਾਰਿਆ ਜਾਂਦਾ ਤੇ ਸਰਬ ਲੋਹ ਦੇ ਬਾਟੇ" ਵਿਚੋਂ ਅਮਰ ਕਰ ਦੇਣ ਵਾਲਾ ਅੰਮ੍ਰਿਤ ਪਿਲਾਕੇ ਸਿੱਖਾਂ ਨੂੰ 'ਸਿੰਘ' ਸਜਾਕੇ ਅਜਿੱਤ ਬਣਾਇਆ ਜਾਂਦਾ। ਰਤਨ ਸਿੰਘ ਭੰਗੂ ਠੀਕ ਹੀ ਇਸ ਪੱਖ ਨੂੰ ਪੇਸ਼ ਕਰਦਾ ਹੋਇਆ ਲਿਖਦਾ ਹੈ:

*ਅੱਬ ਸਿੱਖਨ ਰੂਪ ਪਲਟਾਈਏ। ਤੇਜ ਧਾਰੀ ਜਿਮ ਲਖ ਭੈ ਖਾਈਐ।*
*ਤੇਜ ਨਾਮ ਕੋਊ ਇਨੈ ਧਰੱਯੈ। ਕਰ ਪਾਹੁਲ ਇਮੌਂ ਤੇਜ਼ ਪਲੱਯੈ।*
*ਯੋ ਸਤਿਗੁਰ ਸ੍ਰੀ ਚਿਤ ਲਯੋ ਧਾਰ। ਸੋ ਉਦੱਮ ਕੀਓ ਗੁਰੂ ਬਿਚਾਰ।*
*ਛਤ੍ਰੀ ਰੂਪ ਸੁੰਦਰ ਅਤਿ ਲਾਗੇ। ਕੇਸ ਸੀਸ ਸਿਰ ਬਾਂਧੈ ਪਾਗੇ।*
*ਨਾਮ ਸਿੰਘ ਹੁਤੋ ਛਤ੍ਰਨ ਕੇਰੋ। ਸ੍ਰੀ ਗੁਰੂ ਜਾਨਯੋ ਯਹੀ ਭਲੇਰੋ।*
*ਖੰਡੇ ਪਾਹੁਲ ਚਿਤ ਮਧ ਠਟੀ। ਇਮ ਹੋਵੇਂਗੇ ਖਾਲਸਾ ਹਠੀ।*[40]

ਇਸ ਤਰ੍ਹਾਂ ਸਮੂਹ ਸਿੱਖ ਜਗਤ ਨੂੰ ਨਾਲ ਜੋੜਨ ਲਈ ਤੇ ਮਸੰਦਾਂ ਦੀ ਵਿਚੋਲਗੀ ਤੇ ਬ੍ਰਾਹਮਣੀ ਪ੍ਰਭਾਵ ਵਾਲੀ ਸੋਚ ਤੇ ਤੋਰ ਦਾ ਖਾਤਮਾ ਕਰਨ ਲਈ ਗੁਰੂ ਸਾਹਿਬ ਨੇ "ਨਾਮ-ਅੰਮ੍ਰਿਤ" ਵਾਲੇ ਮਾਰਗ ਨੂੰ "ਖੰਡੇ ਦਾ ਅੰਮ੍ਰਿਤ" ਛਕਾ ਕੇ ਅਜਿੱਤਤਾ ਪ੍ਰਦਾਨ ਕੀਤੀ। ਭਾਈ ਗੁਰਦਾਸ ਦੂਸਰਾ "ਵਾਰ ਸ੍ਰੀ ਭਗਉਤੀ ਜੀ ਕੀ ਪਾਤਿਸ਼ਾਹੀ ਦਸਵੀਂ ਕੀ" ਵਿਚ ਲਿਖਦਾ ਹੈ:

*ਪੀਓ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।*
*ਸੰਗਤਿ ਕੀਨੀ ਖਾਲਸਾ ਮਨੁਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*[41]

*ਗੁਰਬਰ ਅਕਾਲ ਕੇ ਹੁਕਮ ਸਿਉਂ ਉਪਜਿਓ ਬਗਿਆਨਾ।*
*ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।*
*ਇਉਂ ਉਠੇ ਸਿੰਘ ਭਭਕਾਰਿ ਕੈ ਸਭ ਜਗ ਡਰਪਾਨਾ।*

40 ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, 1993, ਪੰ. ੪੧-੪੨

*ਮੜੀ ਦੇਵਲ ਗੋਰ ਮਸੀਤ ਢਾਹਿ ਕੀਏ ਮੈਦਾਨਾ।*
*ਬੇਦ ਪੁਰਾਨ ਖਟ ਸਾਸਤ੍ਰ ਫੁਨ ਮਿਟੇ ਕੁਰਾਨਾ।*

... .... ... ...

*ਇਉਂ ਤੀਸਰ ਮਜਹਬ ਖਾਲਸਾ ਉਪਜਿਓ ਪਰਧਾਨਾ।*
*ਜਿਨਿ ਗੁਰ ਗੋਬਿੰਦ ਕੇ ਹੁਕਮ ਸਿਉ ਗਹਿ ਖੜਗ ਦਿਖਾਨਾ।*
*ਤਿਹ ਸਭ ਦੁਸਟਨ ਕਉ ਛੇਦਿ ਕੈ ਅਕਾਲ ਜਪਾਨਾ।*

... .... ... ...

*ਇਉਂ ਤੀਸਰ ਪੰਥ ਰਚਾਇਅਨੁ ਵਡ ਸੂਰ ਗਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।*[42]

'ਸ੍ਰੀ ਗੁਰ ਸੋਭਾ' ਦਾ ਕਰਤਾ ਵੀ ਇਹੋ ਜਿਹੇ ਵਿਚਾਰ ਹੀ ਪੇਸ਼ ਕਰਦਾ ਹੈ:

*ਜਗਤ ਉਧਾਰਨ ਕਾਰਨੇ ਸਤਿਗੁਰ ਦੀਓ ਵਿਚਾਰ।*
*ਕਰ ਮਸੰਦ ਤਵ ਦੂਰ ਸਬ ਨਿਰਮਲ ਕਰ ਸੰਸਾਰ।*
*ਨਿਰਮਲ ਕਰਿ ਸੰਸਾਰ ਜਗਤ ਮੈਂ ਬਚਿਨ ਸੁਨਾਏ।*
*ਕੀਓ ਖਾਲਸਾ ਪ੍ਰਗਟ ਸੁਨਤ ਦੁਰਜਨ ਡਰ ਪਾਏ।*[43]

'ਖਾਲਸੇ ਦੀ ਸਿਰਜਣਾ' ਦਾ ਸਿੱਧਾ ਸੰਬੰਧ ਖੰਡੇ ਦੇ ਅੰਮ੍ਰਿਤ ਨਾਲ ਹੈ। ਇਸਦਾ ਮਨੋਰਥ ਦੁਸ਼ਟਾਂ ਦਾ ਨਾਸ਼ ਕਰਨਾ ਸੀ। ਜਗਤ ਨੂੰ ਵਧੇਰੇ ਨਿਰਮਲ ਬਣਾਉਣ ਲਈ ਤੇ "ਨਾਮ-ਅੰਮ੍ਰਿਤ" ਦੇ ਅਭਿਆਸੀਆਂ ਲਈ ਇਹ ਮਰਯਾਦਾ ਜ਼ਰੂਰੀ ਸੀ ਜਿਸ ਨਾਲ ਉਹ ਆਪਣੀ ਰੱਖਿਆ ਵੀ ਕਰ ਸਕਣ ਤੇ ਹੋਰ ਭਲੇ ਪੁਰਸ਼ਾਂ ਨੂੰ ਜਾਬਰਾਂ ਤੋਂ ਵੀ ਬਚਾ ਸਕਣ। "ਨਾਮ-ਅੰਮ੍ਰਿਤ" ਦੀ ਦਾਤ ਜੋ ਵਿਅਕਤੀ ਵਿਚ ਸਦ-ਗੁਣ ਪੈਦਾ ਕਰਦੀ ਹੈ, "ਖੰਡੇ ਦਾ ਅੰਮ੍ਰਿਤ" ਵੀ ਉਹ ਗੁਣ ਬਖਸ਼ਦਾ ਹੈ, ਵਾਧਾ ਇਹ ਹੈ ਕਿ ਇਸ ਦੇ ਛਕਣ ਨਾਲ ਵਿਅਕਤੀ ਉਪਰ ਇਕ ਅਨੁਸ਼ਾਸ਼ਣ ਵਿੱਚ ਰਹਿਣ ਦੀ ਜ਼ਿੰਮੇਵਾਰੀ ਆ ਜਾਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੀ ਸਿਰਜਣਾ ਨਾਲ ਸੰਬੰਧਿਤ ਲਿਖੇ 'ਸਵੈਯੇ' ਵਿਚ ਜੋ ਵਿਚਾਰ ਦਿੱਤੇ ਹਨ, ਉਹ ਉਪਰੋਕਤ ਤੱਥ ਦੀ ਪੁਸ਼ਟੀ ਕਰਦੇ ਹਨ:

*ਜਾਗਤ ਜੋਤ ਜਪੈ ਨਿਸ ਬਾਸਰ ਏਕ ਬਿਨਾ ਮਨ ਨੈਕ ਨ ਆਨੈ।*
*ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ।*
*ਤੀਰਥ ਦਾਨ ਦਯਾ, ਤਪ, ਸੰਜਮ, ਏਕ ਬਿਨਾ ਨਹਿ ਨੈਕ ਪਛਾਨੈ।*
*ਪੂਰਨ ਜੋਤਿ ਜਗੈ ਘਟ ਮੈਂ, ਤਬ ਖਾਲਸਾ ਤਾਹਿ ਨਖਾਲਸ ਜਾਨੈ।*[44]

ਖਾਲਸੇ ਦੀ ਰਹਿਤ-ਮਰਯਾਦਾ ਬਾਰੇ ਥੋੜੇ ਜਿਹੇ ਵਿਸਥਾਰ ਨਾਲ ਸੈਨਾਪਤਿ ਲਿਖਦਾ ਹੈ:

---

41. ਵਾਰਾਂ ਭਾਈ ਗੁਰਦਾਸ, (ਵਾਰ ੪1-ਕਰਤਾ ਭਾਈ ਗੁਰਦਾਸ ਦੂਜਾ) ਸ਼੍ਰੋ: ਗੁ: ਪ੍ਰ. ਕਮੇਟੀ, ਅੰਮ੍ਰਿਤਸਰ, ਪੰ. ੪੩੬
42. ਉਹੀ, ਪੰਨਾ ੪੪੧
43. ਸਣਾਪਤਿ, ਸ੍ਰੀ ਗੁਰਸੋਭਾ, ਪੰ. ੭੯
44. ਤੇਤੀ ਸਵੈਯ, ਗੁਰੂ ਗੋਬਿੰਦ ਸਿੰਘ ਜੀ (ਹਵਾਲੇ ਲਈ ਗੁਰਮਤ ਸੁਧਾਕਰ ਭਾਈ ਕਾਨ੍ਹ ਸਿੰਘ ਨਾਭਾ, ਪੰ. ੬੬-੬੭)

*ਕੀਏ ਜਦਿ ਬਚਨਿ ਸਤਿਗੁਰੂ ਕ ਰਨ ਕਰਨ*
*ਸਰਬ ਸੰਗਤਿ ਆਦਿ ਅੰਤ ਮੇਰ ਖਾਲਸਾ।*
*ਮਾਨੈਗਾ ਹੁਕਮੁ ਸੋ ਤੇ ਹੋਵੇਗਾ ਸਿਖ ਸਹੀ*
*ਨ ਮਾਨੈਗਾ ਹੁਕਮ ਸੋ ਤੋਂ ਹੋਵੈਗਾ ਬਿਹਾਲਸਾ।*
*ਪਾਂਚ ਦੀ ਕੁਸੰਗਤਿ ਤਜ ਸੰਗਤਿ ਸੋ ਪ੍ਰੀਤਿ ਕਰੇ*
*ਦਯਾ ਔਰ ਧਰਮ ਧਾਰ ਤਿਆਗੋ ਸਭ ਲਾਲਸਾ।*
*ਹੁੱਕਾ ਨ ਪੀਵੈ ਸੀਸ ਦਾੜ੍ਹੀ ਨ ਮੁੰਡਾਵੈ*
*ਸੋ ਤੋਂ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।*[45]

ਤੇ ਇਹ ਵੀ, ਵਿਸ਼ੇਸ਼ ਰੂਪ ਵਿਚ, ਚਿਤਾਵਨੀ ਦਿੱਤੀ ਗਈ:

*ਸਿਰ ਗੁੰਮਨ ਕੇ ਮੁਖ ਨਹੀਂ ਲਾਗੋ। ਪਾਚਨ ਕੇ ਸਬ ਸੰਗਿ ਤਿਯਾਗੋ।*
*ਮਰਨ ਪਰਨ ਤਿਨ ਕੇ ਕਛੁ ਹੋਵੇ। ਤਹਾ ਸਿਖ ਨਹੀਂ ਜਾਇ ਖਲੋਵੇ। (੧੩੪)*
... ... ... ... ....
*ਹੁੱਕਾ ਤਿਆਗ ਹਰਿ ਗੁਨ ਗਾਵੈ। ਇਛਾ ਭੋਜਨ ਹਰ ਰਸੁ ਪਾਵੈ।*
*ਭੱਦਰ ਤਿਆਗ ਕਰੋ ਰੇ ਭਾਈ। ਤਬ ਸਿਖਨ ਯਹ ਬਾਤ ਸੁਨਾਈ। (੧੩੭)*[46]

ਲਗਭਗ ਸੈਨਾਪਤਿ ਮਗਰੋਂ ਸਾਰੇ ਰਹਿਤਨਾਮਿਆਂ ਤੇ ਗੁਰ ਬਿਲਾਸ ਦੇ ਕਰਤਾ ਭਾਈ ਕੁਇਰ ਸਿੰਘ ਤੇ ਭਾਈ ਸੁਖਾ ਸਿੰਘ ਤੇ ਬੰਸਾਵਲੀ ਨਾਮੇ ਦੇ ਲੇਖਕ ਕੇਸਰ ਸਿੰਘ ਛਿੱਬਰ ਤੇ ਮਹਿਮਾ ਪ੍ਰਕਾਸ਼ ਰਚਿਤ ਬਾਵਾ ਸਰੂਪ ਚੰਦ ਭੱਲਾ ਦੇ ਅਧਿਐਨ ਵਿਚੋਂ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਹੈ ਖਾਲਸਾ ਉਤਪਤੀ ਦੇ ਨਾਲ ਇਕ ਅਨੁਸ਼ਾਸ਼ਨ ਲਾਗੂ ਕਰਨਾ ਤਾਂ ਜੋ ਸਿੱਖ ਧਰਮ ਦੀ ਪਛਾਣ ਰਹੇ। ਉਂਝ ਦੋਹਾਂ ਹਾਲਤਾਂ ਵਿਚ ਇਹ ਜ਼ਰੂਰੀ ਹੈ ਕਿ ਸਿੱਖ ਉੱਚੇ ਸੁੱਚੇ ਚਰਿਤਰ ਦਾ ਸੁਆਮੀ ਹੋਵੇ। 'ਨਾਮ-ਅੰਮ੍ਰਿਤ' ਦੀ ਦਾਤ ਉਸਨੂੰ ਸਚਿਆਰ, ਨੇਕ, ਪਰਉਪਕਾਰੀ ਤੇ ਹੱਕ ਹਲਾਲ ਦੀ ਕਿਰਤ ਵੱਲ ਪ੍ਰੇਰਦੀ ਤਾਂ ਹੈ ਹੀ, ਪਰ ਜੇ ਉਹ 'ਖੰਡੇ ਦਾ ਅੰਮ੍ਰਿਤ' ਛਕ ਲਵੇ ਤਾਂ ਉਹਦੇ ਕਰਤੱਵ ਵਿਚ ਇਕ ਪਹਿਰੇਦਾਰ ਦੀ ਰੀਤ ਦਾ ਵਾਧਾ ਹੋ ਜਾਂਦਾ ਹੈ। ਅਸਲ ਵਿਚ ਖੰਡੇ ਦਾ ਅੰਮ੍ਰਿਤ ਸਿੱਖ ਨੂੰ ਕਕਾਰ-ਧਾਰੀ ਬਣਾਕੇ ਪ੍ਰਭੂ ਦੇ ਹੁਕਮ ਤੇ ਚਲਣ ਅਤੇ ਸਦਾ ਉੱਚ-ਆਚਰਣ ਨੂੰ ਨਿਬਾਹੁਣ ਲਈ ਸਾਵਧਾਨ ਕਰੀ ਰੱਖਦਾ ਹੈ। "ਨਾਮ-ਅੰਮ੍ਰਿਤ" ਉੱਤਮ ਖੇਤੀ ਵਾਂਗ ਹੈ, ਪ੍ਰੰਤੂ "ਖੰਡੇ ਦਾ ਅੰਮ੍ਰਿਤ" ਉਸ ਖੇਤੀ ਦੀ ਰਾਖੀ ਕਰਨ ਲਈ 'ਵਾੜ' ਦੇ ਤੁੱਲ ਹੈ। ਵਾੜ ਬਿਨਾਂ ਖੇਤੀ ਦੇ ਉਜਾੜੇ ਦਾ ਡਰ ਰਹਿ ਸਕਦਾ ਹੈ। ਆਲਸ, ਲਾਪਰਵਾਹੀ ਆਦਿ ਆਦਤਾਂ ਦਾ ਪ੍ਰਵੇਸ਼ ਕਰ ਜਾਣਾ ਸੰਭਵ ਹੁੰਦਾ ਹੈ। ਇਸ ਲਈ 'ਖੰਡੇ ਦਾ ਅੰਮ੍ਰਿਤ' 'ਨਾਮ-ਅੰਮ੍ਰਿਤ' ਤੋਂ ਅਗਲੀ ਪਉੜੀ ਹੈ।

ਇਕ ਸਿੱਖ ਲਈ ਪ੍ਰਭੂ ਦਾ ਸਿਮਰਨ, ਚੰਗੇ ਕੰਮ ਕਰਨੇ, ਹੱਕ ਹਲਾਲ ਦੀ ਕਿਰਤ, ਪਰਉਪਕਾਰ ਕਰਨ ਵਾਲੇ ਗੁਣ ਨਾਮ-ਅੰਮ੍ਰਿਤ ਨਾਲ ਵੀ ਆਉਂਦੇ ਹਨ। ਇਸ ਆਸਰੇ ਹੀ ਉਹ ਝੂਠ, ਪਾਪ, ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਤੋਂ ਬਚ ਸਕਦਾ ਹੈ ਪਰ 'ਖੰਡੇ

45. ਸੈਨਾਪਤਿ, ਸ੍ਰੀ ਗੁਰ ਸੋਭਾ, ਪੰ. ੮੧
46. ਸੈਨਾਪਤਿ, ਸ੍ਰੀ ਗੁਰ ਸੋਭਾ, ਪੰ. ੧੯-੮੦

ਦਾ ਅੰਮ੍ਰਿਤ' ਉਸ ਨੂੰ ਕੇਸ, ਕੱਛ, ਕੜਾ, ਕਿਰਪਾਨ, ਕੰਘਾ ਜ਼ਰੂਰੀ ਪਹਿਨਣ ਦਾ ਆਦੇਸ਼ ਦਿੰਦਾ ਹੈ। ਇਸਦੇ ਨਾਲ ਹੀ ਦਸਤਾਰ ਸਜਾਉਣੀ, ਨਿਤ-ਨੇਮ, ਇਸ਼ਨਾਨ, ਕਿਰਤ ਕਰਨੀ, ਵੰਡ ਛਕਣਾ, ਗੁਰੂ ਪੰਥ ਦੀ ਆਗਿਆ ਵਿਚ ਚਲਣਾ ਵੀ ਅਨਿਵਾਰਯ ਹਨ। ਉਸ ਲਈ ਕੇਸਾਂ ਦੀ ਬੇਅਦਬੀ, ਤਮਾਕੂ ਦੀ ਵਰਤੋਂ, ਕੁੱਠਾ ਤੇ ਮੁਸਲੀ-ਯੁੱਧ (ਪਰਨਾਰੀ ਦੀ ਸੇਜ) ਮਨ੍ਹਾ ਹੈ। ਗੁਰੂ ਦੋਖੀਆਂ ਨਾਲ ਵਰਤੋਂ ਦੀ ਮਨਾਹੀ ਹੈ। ਚੋਰੀ, ਯਾਰੀ, ਜੂਆ, ਸ਼ਰਾਬ ਆਦਿ ਨਸ਼ਿਆਂ ਤੇ ਦੇਵੀ ਦੇਵਤਿਆਂ ਦੀ ਪੂਜਾ ਨਾਲ ਸਿੱਖ ਦਾ ਕੋਈ ਸੰਬੰਧ ਨਹੀਂ ਹੋਣਾ ਚਾਹੀਦਾ।

ਇਸ ਤਰ੍ਹਾਂ ਵਿਚਾਰ ਕਰੀਏ ਤਾਂ "ਖੰਡੇ ਦਾ ਅੰਮ੍ਰਿਤ" ਸਿੱਖਾਂ ਨੂੰ "ਪੱਛਮੀ ਸਭਿਅਤਾ" ਦੇ ਮਾਰੂ ਪ੍ਰਭਾਵ ਤੋਂ ਵੀ ਬਚਾਉਂਦਾ ਹੈ। ਇਹ ਵਿਸ਼ਵ ਦੇ ਜਨ-ਕਲਿਆਣ ਦਾ ਮਾਰਗ ਹੈ। ਏਡਜ਼, ਵਿਭਚਾਰ, ਠੱਗੀਆਂ, ਜਿਹਨਾਂ ਵਿਚ ਸਭ ਤੋਂ ਸਕਤੀਸ਼ਾਲੀ ਦੇਸ਼ ਦੇ ਲੋਕ ਤੇ ਰਾਸ਼ਟਰਪਤੀ ਵੀ ਫਸੇ ਹੋਏ ਹਨ, ਛੁਟਕਾਰਾ ਦਿਲਾਉਣ ਲਈ ਕੇਵਲ "ਖੰਡੇ ਦਾ ਅੰਮ੍ਰਿਤ" ਹੀ ਰਾਹ ਦਸਦਾ ਹੈ।

ਕਈ ਵਿਦਵਾਨ "ਨਾਮ-ਅੰਮ੍ਰਿਤ" ਦਾ ਮਹੱਤਵ ਤਾਂ ਸਮਝਦੇ ਹਨ ਪਰ "ਖੰਡੇ ਦੇ ਅੰਮ੍ਰਿਤ" ਬਾਰੇ "ਕਿੰਤੂ-ਪ੍ਰੰਤੂ" ਕਰਦੇ ਹਨ। ਆਦਿ ਸ੍ਰੀ ਗੁਰੂ ਗ੍ਰੰਥ ਵਿਚ ਮਹਾਂਵਾਕ ਹੈ:

*ਤੇਰਾ ਕੀਤਾ ਜਾਤੋ ਨਾਹੀ ਮੈਨੋ ਜੋਗੁ ਕੀਤੋਈ॥*
*ਮੈ ਨਿਰਗੁਣਿਆਰੇ ਕੋ ਗੁਣੁ ਨਾਹੀ ਆਪੇ ਤਰਸੁ ਪਾਇਓਈ॥*
*ਤਰਸੁ ਪਇਆ ਮਿਹਰਾਮਤਿ ਹੋਈ ਸਤਿਗੁਰ ਸਜਣੁ ਮਿਲਿਆ॥*
*ਨਾਨਕ ਨਾਮੁ ਮਿਲੈ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ॥*[47]

ਸਾਡਾ ਵਿਚਾਰ ਹੈ ਕਿ 'ਤਨ ਮਨ' ਹਰਿਆ ਰੱਖਣ ਦਾ ਰਾਹ ਕੇਵਲ ਰਹਿਤ ਹੈ। ਇਹ ਰਹਿਤ ਅੰਦਰਲੀ ਵੀ ਤੇ ਬਾਹਰਲੀ ਵੀ, ਦੋਵੇਂ ਹੀ ਜ਼ਰੂਰੀ ਹਨ। ਇਕ ਵਿਅਕਤੀ ਨਾਮ-ਅਭਿਆਸੀ ਤਾਂ ਹੈ ਪ੍ਰੰਤੂ ਸ਼ਰਾਬ ਪੀਂਦਾ ਹੈ, ਤਮਾਕੂ ਨੋਸ਼ੀ ਕਰਦਾ ਹੈ, ਫਿਰ ਉਸ ਨੂੰ ਵਿਭਚਾਰ ਤੋਂ ਕੌਣ ਰੋਕ ਸਕਦਾ ਹੈ? ਸੋ ਨਾਮ-ਅੰਮ੍ਰਿਤ ਦੇ ਨਾਲ "ਖੰਡੇ ਦਾ ਅੰਮ੍ਰਿਤ" ਛਕ ਕੇ ਰਹਿਤਧਾਰੀ ਹੋਣਾ ਹੋਰ ਵੀ ਜ਼ਰੂਰੀ ਹੈ। ਇਹ ਪ੍ਰਸ਼ਨ ਉਠਾਇਆ ਜਾ ਸਕਦਾ ਹੈ ਕਿ ਗੁਰਸਿੱਖ ਲਈ ਰਹਿਤ ਜ਼ਰੂਰੀ ਹੈ ਜਾਂ ਰਹਿਤ ਕਰਕੇ ਹੀ ਖਾਲਸਾ ਬਣਦਾ ਹੈ। ਦੋਵਾਂ ਨੂੰ ਅੱਡ ਅੱਡ ਕਰਕੇ ਹੀ ਬਹੁਤਿਆਂ ਨੇ ਖੁਲ੍ਹਾਂ ਲਈਆਂ ਹਨ। ਜੇਕਰ ਕੋਈ ਇਹ ਕਹੇ ਕਿ ਜਿਸਨੇ ਅੰਮ੍ਰਿਤ ਨਹੀਂ ਛਕਿਆ ਤਾਂ ਉਹ ਸਿੱਖ ਨਹੀਂ ਇਹ ਉਤਨਾ ਹੀ ਗਲਤ ਹੈ ਜਿਤਨਾ ਜੇ ਕੋਈ ਇਹ ਕਹੇ ਕਿ ਜੇਕਰ ਕੋਈ ਕਕਾਰ ਨਹੀਂ ਰੱਖਦਾ ਤਾਂ ਉਹ ਪਤਿਤ ਨਹੀਂ। ਸੱਚ ਤਾਂ ਇਹੋ ਹੈ ਕਿ ਨਾਮ-ਅੰਮ੍ਰਿਤ ਦੀ ਕਮਾਈ ਵਾਲਾ, ਦਸਾ ਨਹੁੰਆਂ ਦੀ ਕਿਰਤ ਕਰਨ ਵਾਲਾ, ਸੱਚੇ ਮਾਰਗ ਤੇ ਚਲਣ ਵਾਲਾ, ਬਿਨਾਂ ਖੰਡੇ ਦਾ ਪਾਹੁਲ ਲਏ ਜੇ ਪੂਰਾ ਭਾਂਡਾ ਹੈ ਤਾਂ ਉਹ ਸਿੱਖ ਤਾਂ ਹੈ ਹੀ ਪ੍ਰੰਤੂ ਖਾਲਸਾ ਜਾਂ ਸਿੰਘ ਸੱਜਣ ਲਈ ਉਸ ਲਈ "ਖੰਡੇ ਦਾ ਅੰਮ੍ਰਿਤ" ਜ਼ਰੂਰੀ ਹੈ। ਖਾਲਸੇ ਲਈ ਰਹਿਤ ਦੀ ਪਾਲਣਾ ਬੇਹੱਦ ਜ਼ਰੂਰੀ

---

47. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰ: ੧੪੨੯

ਹੈ। ਖਾਲਸਾ ਦੀ ਸਿਰਜਣਾ ਕਈ ਸਦੀਆਂ ਦੀ ਘਾਲ ਕਮਾਈ ਹੈ। ਖਾਲਸਾ ਰਹਿਤ ਸਿਰਫ ਵਰਦੀ ਨਹੀਂ। ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ:

*ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।*
*ਪ੍ਰਭ ਮੈ, ਮੋ ਮੈ, ਤਾਸ ਮੈ, ਰੰਚਕ ਨਾਹਿਨ ਭੇਵ।*

ਖਾਲਸਾ ਬਣਨ ਦੇ ਅਰਥ ਹੀ ਹਨ ਇਕ ਐਸਾ ਮਨੁੱਖ ਜੋ ਸਰੀਰ ਤੋਂ ਉੱਠਕੇ ਆਤਮਾ ਵਿਚ ਜੀਵਨ ਦਾ ਪ੍ਰਣ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ "ਚਰਨ-ਪਹੁਲ" ਦੀ ਥਾਂ ਸੰਗਤਾਂ ਨੂੰ "ਖੰਡੇ ਬਾਟੇ ਦਾ ਅੰਮ੍ਰਿਤ" ਬਖਸ਼ਿਆ। ਸਿੱਖਾਂ ਨੂੰ "ਬਾਣੀ" ਨਾਲ "ਬਾਣਾ" ਬਖਸ਼ਿਸ਼ ਕਰਕੇ ਸੰਤ-ਸਿਪਾਹੀ ਬਣਾ ਦਿੱਤਾ। ਮੁਰਦਾ ਕੌਮ ਨੂੰ ਨਵੀਂ ਜ਼ਿੰਦਗੀ ਬਖਸ਼ੀ। ਮੌਲਾਨਾ ਜ਼ਫਰ ਅਲੀ ਜ਼ਫਰ ਦਾ ਹੇਠਲਾ ਬੰਦ "ਖੰਡੇ ਦਾ ਅੰਮ੍ਰਿਤ" ਦੀ ਵਡਿਆਈ ਸਪਸ਼ਟ ਕਰਦਾ ਹੈ:

*ਇਸ ਕੌਮ ਦੀ ਜ਼ਿੰਦਗੀ ਦਾ ਰਾਜ਼ ਮੁਜ਼ਮਿਰ ਛੁਪਾ ਹੂਆ ਹੈ,*
*"ਆਬੇ ਤੌਹੀਦ" ਦੀ ਧੁਲੀ ਹੁਈ ਕ੍ਰਿਪਾਨੋਂ ਮੇਂ।*
*ਦੇਖ ਲੇਣਾ ਨਿਕਲ ਆਏ ਗੀ ਸਲਾਮਤ ਏਕ ਦਿਨ,*
*ਇਸ ਨਾਓ ਨੇ ਪ੍ਰਵਰਿਸ਼ ਪਾਈ ਹੈ ਤੂਫਾਨੋਂ ਮੇਂ।*[48]

"ਨਾਮ-ਅੰਮ੍ਰਿਤ" ਆਪਣੀ ਥਾਂ ਵਿਸ਼ੇਸ਼ਤਾ ਰੱਖਦਾ ਹੈ। ਪ੍ਰੰਤੂ ਚਰਨ-ਪਾਹੁਲ ਦੀ ਥਾਂ ਇਹ ਨਵਾਂ ਮਾਰਗ ਇਕ ਸਾਵਧਾਨੀ ਲਈ ਪ੍ਰੇਰਨਾ ਹੈ, ਤੇ ਰਾਹ ਤੋਂ ਭਟਕਣੋਂ ਰੋਕਦਾ ਹੈ। ਗੁਰਮਤਿ ਅਨੁਸਾਰ ਗੁਰੂ ਵਾਲੇ (ਅੰਮ੍ਰਿਤ ਛਕੇ) ਬਣੇ ਬਿਨਾਂ ਗੁਰਮੰਤਰ ਰਟਨਾ, ਸਿਮਰਨ ਕਰਨਾ ਆਦਿ ਬਿਲਕੁਲ ਬੇਅਰਥ ਹੈ, ਪਾਣੀ ਰਿੜਕਿਆਂ ਮੱਖਣ ਦੀ ਆਸ ਕਰਨੀ ਇਕ ਭੁੱਲ ਹੈ। ਦੂਸਰੇ ਪਾਸੇ ਅੰਮ੍ਰਿਤ ਛਕ ਕੇ ਵੀ ਨਾਮ ਸਿਮਰਨ ਨ ਕਰਨਾ, ਰਹਿਤ ਵਿਚ ਪੂਰੇ ਨ ਉਤਰਨਾ, ਬਾਣੀ ਦੀ ਥਾਂ ਬਾਣੇ ਉਪਰ ਅਤੇ ਧਰਮ ਦੀ ਥਾਂ ਰਾਜਨੀਤੀ ਉਪਰ ਜ਼ੋਰ ਦੇਣਾ ਵੀ ਪਖੰਡ ਹੈ। ਦੋਹਾਂ ਵਿਚ ਇਕਸੁਰਤਾ ਜ਼ਰੂਰੀ ਹੈ। ਜੈਸੀ ਬਾਹਰਲੀ ਰਹਿਤ ਹੋਵੇ ਤੈਸੀ ਹੀ ਅੰਦਰ ਦੀ ਹੋਵੇ। ਅੰਦਰੋਂ ਵੀ ਉੱਜਲ, ਬਾਹਰੋਂ ਵੀ ਉੱਜਲ। ਗੁਰੂ ਸਾਹਿਬ ਨੂੰ ਸਾਡੀ ਬਾਹਰੀ ਤੇ ਅੰਦਰੂਨੀ ਰਹਿਤ ਪਿਆਰੀ ਹੈ। ਭਾਈ ਪ੍ਰਹਿਲਾਦ ਸਿੰਘ ਦੇ ਰਹਿਤਨਾਮੇ ਵਿਚ ਰਹਿਤ ਦੀ ਮਹੱਤਤਾ ਇੰਝ ਦਰਸਾਈ ਹੈ:

*ਰਹਿਣੀ ਰਹੇ ਸੋਈ ਸਿਖ ਮੇਰਾ।*
*ਵਹ ਠਾਕੁਰ ਮੈਂ ਉਸਕਾ ਚੇਰਾ।*[49]

ਤੇ ਭਾਈ ਸਾਹਿਬ ਸਿੰਘ ਦੇ ਰਹਿਤਨਾਮੇ ਵਿਚ ਆਉਂਦਾ ਹੈ:

*ਭੇਖ ਪਿਆਰਾ ਨਾਹਿ ਮਮ, ਵਰਣ ਪਿਆਰਾ ਨਾਹਿ।*
*ਰਹਿਤ ਪਿਆਰੀ ਮੋਹਕੋ, ਸਿਦਕ ਪਿਆਰਾ ਆਹਿ।*[50]

ਸਿੱਖ ਇਤਿਹਾਸ, ਸਿੱਖ ਰਹਿਤ ਮਰਯਾਦਾ ਤੇ ਸਿੱਖ ਸਿੱਧਾਂਤਾਂ ਦੀ ਰੱਖਿਆ ਪ੍ਰਤੀ

---

48 ਪ੍ਰਿੰਸੀਪਲ ਸਤਿਬੀਰ ਸਿੰਘ, ਕ੍ਰਿਪਾਨ (ਪੈਂਫਲਿਟ), ਅਪ੍ਰੈਲ ੧੯੭੧, ਪੰ. ੧੬

49 ਪਿਆਰਾ ਸਿੰਘ ਪਦਮ, ਰਹਿਤਨਾਮੇ, ਪੰ. ੬੭੦

50 ਉਹੀ, ਪੰ. ੧੬੧

ਅੰਮ੍ਰਿਤ ਜ਼ਰੂਰੀ ਹੈ। "ਖੰਡੇ ਦਾ ਅੰਮ੍ਰਿਤ" ਸਿੱਖੀ ਵਿਕਾਸ ਦਾ ਕੇਂਦਰੀ ਧੁਰਾ ਹੈ। ਇਹ 'ਨਾਮ' ਰਾਹੀਂ ਨਾਮੀ ਵਿਚ ਅਭੇਦ ਹੋਣ ਦਾ ਮਾਰਗ ਹੈ। ਹਰ ਪੁਰਖ-ਨਾਰੀ ਲਈ ਜ਼ਰੂਰੀ ਹੈ ਕਿ ਉਹ ਕਲਗੀਆਂ ਵਾਲੇ ਦੇ ਹੁਕਮ ਤੇ ਫੁੱਲ ਚੜ੍ਹਾਵੇ, ਅੰਮ੍ਰਿਤ ਛਕੇ ਤੇ 'ਗੁਰ ਪ੍ਰਸਾਦਿ' ਸਦਕਾ ਆਤਮਿਕ ਬਗੀਚੇ ਨੂੰ 'ਸਦ-ਬਸੰਤ' ਬਣਾਈ ਰੱਖਣ ਲਈ ਅੰਤਰ ਆਤਮੇ' ਅੰਮ੍ਰਿਤ ਦਾ ਚਸ਼ਮਾ ਪੈਦਾ ਕਰੇ।[51] 'ਖੰਡੇ ਦਾ ਅੰਮ੍ਰਿਤ' ਮਨੁੱਖ ਨੂੰ ਨਿਰੇ 'ਸੰਤ' ਹੀ ਨਹੀਂ ਬਣਾਉਂਦਾ, ਸਗੋਂ ਅਮਲੀ ਰੂਪ ਵਿਚ ਸੰਤ-ਸਿਪਾਹੀ, ਪ੍ਰੇਮ-ਮਨੁੱਖ, ਮਰਜੀਵੜੇ ਬਣਾਉਂਦਾ ਹੈ।

ਇਹ ਠੀਕ ਹੈ ਕਿ ਕੁੱਝ ਲੋਕ ਐਸੇ ਵੀ ਮਿਲਦੇ ਹਨ, ਜੋ ਗੁਰੂ ਵਾਲੇ ਬਣਕੇ ਅਸੂਲਾਂ ਤੇ ਪਹਿਰਾ ਨਹੀਂ ਦਿੰਦੇ, ਅੰਮ੍ਰਿਤ ਦੇ ਪ੍ਰਣ ਨੂੰ ਨਹੀਂ ਨਿਬਾਹੁੰਦੇ। ਅਜਿਹੇ ਪਾਖੰਡੀ ਤੇ ਮੰਦਭਾਗੀ ਸੋਚ ਵਾਲੇ ਵਿਅਕਤੀਆਂ ਨੂੰ ਵੇਖਕੇ ਦੂਸਰੇ ਲੋਕਾਂ ਨੂੰ ਨਿਰਾਸ਼ ਹੋਕੇ ਰਾਹੋਂ ਭਟਕਣਾ ਉਚਿਤ ਨਹੀਂ। ਨਿਤਨੇਮੀ ਅਤੇ ਸਦਾਚਾਰੀ ਜੀਵ ਜੇਕਰ ਗੁਰੂ ਵਾਲੇ ਨਹੀਂ ਬਣਦੇ, ਆਪਣੇ ਜੀਵਨ ਨੂੰ ਇਕ "ਪ੍ਰਣ" ਨਹੀਂ ਬਣਾਉਂਦੇ ਤਾਂ ਨਿਸਚੇ ਹੀ ਉਹ ਆਪਣੇ ਆਪ ਨੂੰ ਸਜ਼ਾ ਹੀ ਦੇ ਰਹੇ ਹਨ- ਆਪਣੇ ਆਪ ਨੂੰ ਗੁਰੂ ਤੋਂ ਦੂਰ ਕਰਨ ਦੀ ਸਜ਼ਾ।

ਗਲਤ ਜੀਵਨ ਰਾਹ ਤੇ ਤੁਰਨ ਤੋਂ ਬਚਣ ਦਾ ਸੁਨਹਿਰੀ ਮਾਧਿਅਮ ਹੈ "ਖੰਡੇ ਬਾਟੇ ਦਾ ਅੰਮ੍ਰਿਤ"। ਕਈ ਲੋਕ ਸੋਚਦੇ ਹਨ ਕਿ ਜੇ ਆਦਮੀ ਪ੍ਰਭੂ ਦਾ ਜਾਪ ਕਰਦਾ ਹੈ, ਚੰਗੇ ਕੰਮ ਕਰਦਾ ਹੈ ਤਾਂ ਫਿਰ ਉਸ ਨੂੰ 'ਖੰਡੇ ਦਾ ਅੰਮ੍ਰਿਤ' ਛਕ ਕੇ ਬੰਧੇਜ ਵਿਚ ਆਉਣ ਦੀ ਕੀ ਲੋੜ ਹੈ? ਪਰ ਉਹ ਇਹ ਨਹੀਂ ਸੋਚਦੇ ਕਿ ਕੁਦਰਤ ਦੀ ਹਰ ਚੀਜ਼ ਵਿਚ ਇਕ ਬੰਧੇਜ ਦਾ ਅਮਲ ਹੈ। ਕੋਈ ਚੀਜ਼ ਕਦੇ ਆਪ-ਮੁਹਾਰੀ ਨਹੀਂ ਵਾਪਰਦੀ। ਆਪ-ਮੁਹਾਰਾਪਨ ਗਲਤੀਆਂ ਨੂੰ ਜਨਮ ਦਿੰਦਾ ਹੈ। 'ਅੰਮ੍ਰਿਤ' ਦੀ ਡੋਰ ਨਾਲ ਮਨੁੱਖ ਗਲਤ ਰਾਹਾਂ ਤੋਂ 'ਕਲਗੀਆਂ ਵਾਲੇ' ਨਾਲ ਤਾਰ ਜੁੜੀ ਹੋਣ ਕਾਰਨ, ਬਚ ਜਾਂਦਾ ਹੈ। ਵਿਅਕਤੀ ਵਿਸ਼ੇਵਿਕਾਰਾਂ ਦੇ ਜਾਲ ਤੋਂ ਮੁਕਤ ਹੋ ਕੇ ਪ੍ਰਭੂ ਨਾਲ ਜੁੜਦਾ ਹੈ, ਮਾਇਆ "ਜ਼ਹਿਰ" ਨੂੰ ਛੱਡਕੇ ਨਾਮ "ਅੰਮ੍ਰਿਤ" ਦਾ ਪਾਨ ਕਰਦਾ ਹੈ। ਇਹ ਤਾਂ ਹੀ ਸੰਭਵ ਹੈ ਜੇ "ਖੰਡੇ ਬਾਟੇ ਦਾ ਅੰਮ੍ਰਿਤ" ਛਕ ਕੇ 'ਨਾਮ ਅੰਮ੍ਰਿਤ' ਦੇ ਮਾਰਗ ਦੀ ਰਾਖੀ ਕੀਤੀ ਜਾ ਸਕੇ। ਇਸ ਤਰ੍ਹਾਂ ਅੰਮ੍ਰਿਤ ਛਕਣਾ ਇਕ ਬੰਧਨ ਨਹੀਂ, ਮੁਕਤੀ ਦਾ ਸੰਕੇਤ ਹੈ। ਮੋਹ-ਮਾਇਆ, ਅਗਿਆਨਤਾ, ਵਿਸ਼ੇ ਵਿਕਾਰਾਂ ਦੇ ਹਮਲੇ ਤੋਂ ਆਪਣੇ ਆਪ ਨੂੰ ਬਚਾਉਣਾ ਹੈ।

'ਅੰਮ੍ਰਿਤ ਨਾਮ' ਸਾਡੇ ਸਭ ਦੁੱਖਾਂ ਦਾ ਦਾਰੂ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

*ਕਾਟਿਆ ਰੋਗੁ ਮਹਾ ਸੁਖੁ ਪਾਇਆ*
*ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥*[52]

ਪ੍ਰੰਤੂ ਇਸ 'ਨਾਮ ਅੰਮ੍ਰਿਤ' ਨੂੰ ਜੀਵਨ ਦਾ ਅਨਿੱਖੜ ਅੰਗ ਬਣਾਉਣ ਲਈ ਇਕ ਵੱਖਰੀ ਪਛਾਣ ਬਣਾਉਣ ਲਈ 'ਖੰਡੇ ਦਾ ਅੰਮ੍ਰਿਤ' ਸੁਭਾਵਕ ਵੀ ਹੈ ਤੇ ਲਾਜ਼ਮੀ ਵੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ 'ਅੰਮ੍ਰਿਤ' ਨਾਮ ਖੁਮਾਰੀ ਦਾ ਉਹ ਅਗੰਮੀ ਰਸ ਹੈ, ਜੋ ਰੂਹਾਨੀਅਤ ਅਤੇ ਤੰਦਰੁਸਤੀ ਬਖ਼ਸ਼ ਕੇ ਮੁਰਦਾ ਜਿੰਦਾਂ ਨੂੰ ਭੀ ਜਨੱਤ ਦੇ ਬਾਗ ਦੀ ਤਰ੍ਹਾਂ ਖਿੜਾ ਦਿੰਦਾ ਹੈ। ਇਹ ਕਾਮਧੇਨ, ਕਲਪ ਬ੍ਰਿਛ ਤੇ ਚਿੰਤਾਮਨੀ ਦੀ ਉ ਾ ਅਬਚਲ

51. 'ਗੁਰਬਾਣੀ ਇਸੁ ਜਗ ਮਹਿ ਚਾਨਣੁ', ਅੰਕ ੭, ਜੁਲਾਈ ੧੯੯੮ ਪੰ. ੧੪
52. ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰ. ੩੮੩

ਸ਼ਕਤੀ ਹੈ ਜਿਸਨੂੰ ਪਾ ਕੇ ਸਾਰੇ ਭਰਮਜਾਲ, ਕਰਮਜਾਲ, ਕਰਮਕਾਂਡ, ਰੀਤੀਵਾਦ, ਛਲ ਕੱਪਟ, ਭੇਦ ਭਾਵ, ਜਾਤ-ਅਭਿਆਨ, ਰੰਗ ਨਸਲ ਵੈਰ ਵਿਰੋਧ ਤੇ ਲਬ-ਲੋਭ ਆਦਿ ਦੇ ਬੰਧਨਾਂ ਤੋਂ ਸਦੀਵੀਂ ਛੁਟਕਾਰਾ ਮਿਲ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮੇ ਧਾਰਨ ਕਰਕੇ ਸਿੱਖੀ ਅੰਦਰ ਪ੍ਰਵੇਸ਼ ਕਰਨ ਪ੍ਰਤੀ ਗੁਰਦੀਖਿਆ 'ਚਰਨਾਮ੍ਰਿਤ' ਦੀ ਪ੍ਰਥਾ ਚਲਾਈ। ਦਸਵੇਂ ਰੂਪ ਵਿਚ 'ਨਾਮ-ਅੰਮ੍ਰਿਤ' ਨੂੰ 'ਖੰਡੇ ਦਾ ਅੰਮ੍ਰਿਤ' ਬਣਾਕੇ ਵਰਤਾਇਆ ਤੇ ਚਰਨਾਮ੍ਰਿਤ ਤੇ ਇਕ ਪੁਰਖੀ ਗੁਰੂ ਦੀ ਪ੍ਰਥਾ ਨੂੰ ਸਦਾ ਲਈ ਖਤਮ ਕਰ ਦਿੱਤਾ। ਦਸਮ ਪਿਤਾ ਜੀ ਨੇ ਇਹ ਅੰਮ੍ਰਿਤ ਪਹਿਲਾਂ ਪੰਜ ਪਿਆਰਿਆਂ ਨੂੰ ਛਕਾ ਕੇ ਫਿਰ ਉਹਨਾਂ ਪਾਸੋਂ ਖੁਦ ਛਕ ਕੇ ਗੁਰੂ ਪ੍ਰਥਾ ਅਗੋਂ ਲਈ "ਗੁਰੂ ਪੰਥ" ਹਵਾਲੇ ਕਰ ਦਿੱਤੀ।

'ਖੰਡੇ ਦਾ ਅੰਮ੍ਰਿਤ' ਨਵੀਂ ਜੀਵਨ ਜਾਚ ਬਖਸ਼ਣ ਵਾਲੀ ਸੰਜੀਵਨੀ ਹੈ। ਅੰਮ੍ਰਿਤ ਵਿਚਲਾ ਜਲ ਖਾਲਸੇ ਨੂੰ ਸ੍ਵੱਛਤਾ ਤੇ ਸੀਤਲਤਾ ਬਖ਼ਸ਼ਦਾ ਹੈ। ਇਸ ਵਿਚ ਪਾਏ ਪਤਾਸੇ ਖਾਲਸੇ ਦੇ ਬੋਲ, ਵਿਚਾਰ ਤੇ ਵਿਵਹਾਰ ਵਿਚ ਮਿਠਾਸ, ਪ੍ਰੇਮ ਤੇ ਆਪਸੀ ਮਿਲਾਪ ਦਾ ਸੰਦੇਸ਼ ਦਿੰਦੇ ਹਨ। ਇਸ ਵਿਚ ਫੇਰਿਆ ਜਾਣ ਵਾਲਾ 'ਖੰਡਾ' ਅਕਾਲ ਅਰਥਾਤ ਮੌਤ ਰਹਿਤ ਤੇ ਨਿਰਭਉ ਬਣਾਕੇ ਜ਼ੁਲਮ ਦਾ ਮੂੰਹ ਮੋੜਨ ਦੀ ਸ਼ਕਤੀ ਦਿੰਦਾ ਹੈ। ਅੰਮ੍ਰਿਤ ਤਿਆਰ ਕਰਨ ਸਮੇਂ ਪੜ੍ਹੀਆਂ ਜਾਂਦੀਆਂ ਪੰਜ ਬਾਣੀਆਂ- ਜਪੁ, ਜਾਪੁ, ਸਵੈਯੇ, ਚੌਪਈ ਤੇ ਆਨੰਦੁ ਸਾਹਿਬ – ਖਾਲਸੇ ਨੂੰ ਸਦਾਚਾਰਕ ਪੱਖ ਤੋਂ ਸਰਵੋਤਮ ਆਦਰਸ਼ ਬਣ ਕੇ ਮਨ ਵਿਚੋਂ ਚੰਚਲਤਾ, ਦੁਬਧਿਾ ਤੇ ਮਾਨਸਿਕ ਨਿਰਬਲਤਾ ਨੂੰ ਦੂਰ ਕਰਦੀਆਂ ਹਨ। ਅੰਮ੍ਰਿਤ ਛਕ ਕੇ ਧਾਰਨ ਕੀਤੇ ਪੰਜ ਕਕਾਰ ਵੱਖਰੀ ਤੇ ਆਜ਼ਾਦ ਹਸਤੀ ਦੀ ਪਹਿਚਾਣ ਹਨ। ਆਦਰਸ਼ਕ ਜ਼ਾਤੀ ਤੇ ਜਮਾਤੀ ਰਹਿਤ ਮਰਯਾਦਾ ਦੇ ਲਖਾਇਕ ਹਨ। ਪੰਜ ਕਕਾਰ ਧਾਰਨ ਕਰਕੇ ਗੁਰਸਿੱਖ ਮਨਮਤਾਂ ਤੋਂ ਨਿਆਰਾ ਬਣ ਜਾਂਦਾ ਹੈ। 'ਕੇਸ' ਗੁਰੂ ਕੀ ਮੋਹਰ ਹਨ। ਦਸਤਾਰ ਸਰਦਾਰੀ ਤੇ ਆਜ਼ਾਦੀ ਦਾ ਚਿੰਨ੍ਹ ਹੈ। 'ਕਛਹਿਰਾ' ਜਤ ਤੇ ਸਦਾਚਾਰ ਦਾ ਪ੍ਰਤੀਕ ਹੈ। 'ਕੜਾ' ਜ਼ਾਬਤੇ ਦਾ ਬਿੰਬ ਹੈ। 'ਕ੍ਰਿਪਾਨ' ਮਜ਼ਲੂਮ ਦੀ ਰੱਖਿਅਕ ਹੈ, ਦੁਸ਼ਟਾਂ ਤੇ ਜ਼ਾਲਮਾਂ ਦੇ ਨਾਸ ਕਰਨ ਵਾਲਾ ਹਥਿਆਰ ਹੈ। 'ਕੰਘਾ' ਕੇਸਾਂ ਤੇ ਦਾੜ੍ਹੀ ਦਾ ਸਫਾਈ ਲਈ ਹੈ। ਇਸ ਤਰ੍ਹਾਂ ਕਕਾਰ ਭੇਖ ਨਹੀਂ, ਸਗੋਂ ਸਹੀ ਅਰਥਾਂ ਵਿਚ ਸੰਤ ਸਿਪਾਹੀ ਤੇ ਖਾਲਸਾ ਬਣਕੇ ਸੱਚ, ਅਣਖ ਤੇ ਗੁਰੂ ਭੈ ਵਿਚ ਜਿਉਣ ਦੇ ਪ੍ਰਤੀਕ ਹਨ। ਇਸ ਤਰ੍ਹਾਂ 'ਖੰਡੇ ਦਾ ਅੰਮ੍ਰਿਤ' ਛਕ ਕੇ ਗੁਰਸਿੱਖ ਉੱਚੇ ਕਿਰਦਾਰ ਵਾਲੀ ਪਵਿੱਤਰ ਸਿਖਰ ਨੂੰ ਪ੍ਰਾਪਤ ਕਰ ਲੈਂਦਾ ਹੈ।

ਕਿਹਾ ਜਾ ਸਕਦਾ ਹੈ ਕਿ "ਨਾਮ-ਅੰਮ੍ਰਿਤ" ਦੀ ਸਿੱਖਰ "ਖੰਡੇ ਦਾ ਅੰਮ੍ਰਿਤ" ਹੈ। 'ਖੰਡੇ ਦਾ ਅੰਮ੍ਰਿਤ' ਛਕਣ ਦਾ ਹੱਕ ਵੀ ਉੱਚੇ ਇਖਲਾਕ ਵਾਲੇ ਨਾਮ-ਰਸੀਏ ਹੀ ਹੋ ਸਕਦੇ ਹਨ। ਪੰਜ ਕਕਾਰਾਂ ਦੇ ਧਾਰਨੀ ਬਣਕੇ 'ਨਾਮ ਦੇ ਰਸੀਏ' 'ਗੁਰੂ ਗ੍ਰੰਥ' ਤੇ 'ਗੁਰੂ ਪੰਥ' ਦੇ ਦੋਖੀਆਂ ਦਾ ਮੁਕਾਬਲਾ ਕਰ ਸਕਦੇ ਹਨ। ਸਮਕਾਲੀ ਸਮਾਜ ਵਿਚ ਆਏ ਨਿਘਾਰ ਦਾ ਟਾਕਰਾ ਕਰਨ ਲਈ, 'ਖੰਡਿਤ' ਮਨੁੱਖ ਦੀ 'ਮਾਨਸਕ ਸਥਿਰਤਾ' ਨੂੰ ਵੰਗਾਰਨ ਲਈ 'ਨਾਮ ਅੰਮ੍ਰਿਤ' ਦੇ ਮਾਰਗ ਉਤੇ ਤੁਰਕੇ 'ਖੰਡੇ ਦੇ ਅੰਮ੍ਰਿਤ' ਦੀ ਸਿੱਖਰ ਤੇ ਪਹੁੰਚਣਾ ਗੁਰਸਿੱਖ ਦਾ ਫਰਜ਼ ਵੀ ਹੈ ਤੇ ਅਧਿਕਾਰ ਵੀ। 'ਖੰਡ ਦੇ ਅੰਮ੍ਰਿਤ' ਦਾ ਅਧਿਕਾਰੀ ਹੀ ਮਨੁੱਖੀ ਅਧਿਕਾਰਾਂ ਦੀ ਸਾਵਧਾਨੀ ਨਾਲ ਰਾਖੀ ਕਰ ਸਕਦਾ ਹੈ।

## ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ ਦੇ ਪ੍ਰਬੰਧ ਅਧੀਨ ਚਲ ਰਹੇ ਟਰੱਸਟਾਂ ਦਾ ਕਾਰਜ ਖੇਤਰ

1. *ਅਕਾਲੀ ਫੂਲਾ ਸਿੰਘ ਯਾਦਗਾਰੀ ਟਰੱਸਟ*

ਹਰ ਸਾਲ ਸਿੱਖ ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ, ਸਿੱਖ ਧਰਮ, ਸਿੱਖ ਨੈਤਿਕਤਾ, ਸਿੱਖ ਇਤਿਹਾਸ ਤੇ ਸਭਿਆਚਾਰ ਬਾਰੇ ਪਿਛਲੇ ਸਾਲ ਵਿਚ ਛੱਪੀ ਸਭ ਤੋਂ ਵਧੀਆਂ ਪੁਸਤਕ ਨੂੰ 6100/- ਦਾ ਇਨਾਮ ਦਿੱਤਾ ਜਾਂਦਾ ਹੈ।

2. *ਡਾ. ਗੰਡਾ ਸਿੰਘ ਯਾਦਗਾਰੀ ਟਰੱਸਟ*

ਵਾਰਸ਼ਕ ਖੋਜ-ਪੱਤਰ ਪ੍ਰਯੋਗਿਤਾ ਵਿਚ ਪਹਿਲੇ, ਦੂਜੇ ਤੇ ਤੀਜੇ ਸਥਾਨ ਉਪਰ ਆਉਣ ਵਾਲੇ ਖੋਜ-ਪੱਤਰਾਂ ਨੂੰ ਕ੍ਰਮਵਾਰ 2100/-, 1500/- ਤੇ 1000/- ਰੁਪਏ ਦਾ ਇਨਾਮ ਤੇ ਹੋਰ ਕਈ ਉਤਸ਼ਾਹ ਦਵਾਊ ਇਨਾਮ ਦਿੱਤੇ ਜਾਂਦੇ ਹਨ।

3. *ਮਦਰ ਆਫ਼ ਖਾਲਸਾ ਯਾਦਗਾਰੀ ਟਰੱਸਟ*

ਹਰ ਸਾਲ ਕਾਲਜ ਦੇ ਵਿਦਿਆਰਥੀਆਂ ਲਈ ਭਾਰਤ ਪੱਧਰ ਤੇ ਗੁਰਮਤਿ ਦਾ ਇਮਤਿਹਾਨ ਲੈ ਕੇ ਹਰ ਜ਼ੋਨ ਵਿਚੋਂ ਪ੍ਰਥਮ ਤਿੰਨ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ। ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਆਯੋਜਿਤ ਕੀਤੇ ਜਾਂਦੇ ਹਨ।

4. *ਗਿਆਨੀ ਕਰਤਾਰ ਸਿੰਘ ਯਾਦਗਾਰੀ ਟਰੱਸਟ ਅਤੇ ਗਿਆਨੀ ਦਿੱਤ ਸਿੰਘ ਯਾਦਗਾਰੀ ਟਰੱਸਟ*

ਇਨ੍ਹਾਂ ਵਲੋਂ ਵਿਭਿੰਨ ਸਥਾਨਾਂ ਉਪਰ ਕ੍ਰਮਵਾਰ ਵਕਤਾ ਤੇ ਲੇਖਕ ਕਾਰਜਸ਼ਾਲਾ ਲਗਾ ਕੇ ਨੌਜੁਆਨਾਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ। ਇਨ੍ਹਾਂ ਦਾ ਆਯੋਜਨ ਵੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵਲੋਂ ਕੀਤਾ ਜਾਂਦਾ ਹੈ।

5. *ਭਗਤ ਲਛਮਣ ਸਿੰਘ ਯਾਦਗਾਰੀ ਟਰੱਸਟ*

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਰਾਹੀਂ ਵਿਭਿੰਨ ਕਾਲਜਾਂ ਤੇ ਸਕੂਲਾਂ ਵਿਚ ਵਿਦਵਾਨਾਂ ਵਲੋਂ ਗੁਰਮਤਿ ਅਥਵਾ ਗੁਰ-ਇਤਿਹਾਸ ਦੇ ਵਿਸ਼ਿਆਂ ਉਤੇ ਭਾਸ਼ਨ ਕਰਵਾਏ ਜਾਂਦੇ ਹਨ।

6. *ਸ. ਨਰੈਣ ਸਿੰਘ ਯਾਦਗਾਰੀ ਟਰੱਸਟ*

ਸਕੂਲ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਅਤੇ ਗੁਰਮਤਿ ਕਾਲਜ ਦੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਜਾਂਦੇ ਹਨ।

ਜੌਹਰਾ ਪ੍ਰਿੰਟਰਜ਼, ਪਟਿਆਲਾ ਫੋਨ : 210686

# ਗੁਰੂ ਨਾਨਕ ਦੇਵ ਮਿਸ਼ਨ ਵਲੋਂ ਛਾਪੇ ਗਏ ਕੁੱਝ ਟ੍ਰੈਕਟ

| *ਲੜੀ ਨੰ:* | *ਟ੍ਰੈਕਟ ਦਾ ਨਾਮ* | *ਕੀਮਤ* |
|---|---|---|
| 441 | Five Gifts of the Gurus. | 4.00 |
| 451 | ਗੁਰਮਤਿ ਰਹਿਸਵਾਦ ਦਾ ਨਿਵੇਕਲਾ ਅਸਤਿਤਵ | 4.00 |
| 452 | ਵਿਦਿਆ ਦਾ ਖਾਲਸਾਈ ਸਿਧਾਂਤ | 4.00 |
| 458 | ਗੁਰਬਾਣੀ ਦਾ ਵਿਰਸਾ – ਜ਼ਮੀਰ ਦੀ ਆਜ਼ਾਦੀ | 5.00 |
| 460 | Human Hair And Modern Science | 6.00 |
| 461 | ਗੁਰਮਤਿ ਵਿਚ ਅਧਿਆਤਮਕ ਅਤੇ ਦੁਨਿਆਵੀ ਖੇਤਰ ਵਿਚ ਕਾਰਜ ਦੀ ਸੁਤੰਤਰਤਾ | 6.00 |
| 462 | ਗੁਰਮਤਿ ਵਿੱਚ ਤਖਤਾਂ ਦੀ ਮਹਾਨਤਾ | 6.00 |
| 465 | ਗੁਰਬਾਣੀ ਪਾਠ ਕਿਵੇਂ ਕਰੀਏ? | 4.00 |
| 466 | Why Am I a Sikh | 2.00 |
| 467 | ਬਾਣੀ ਨਾਮਦੇਵ ਜੀ | 8.00 |
| 468 | ਸੁਖਮਨੀ ਸਾਹਿਬ ਦਾ ਆਦਰਸ਼-ਮਨੁੱਖ – ਬ੍ਰਹਮ ਗਿਆਨੀ | 5.00 |
| 469 | ਪੰਜਾਬੀ ਸਭਿਆਚਾਰ ਦਾ ਵਿਸ਼ਵ ਦ੍ਰਿਸ਼ਟੀਕੋਣ | 8.00 |
| 470 | ਭਗਤ ਕਬੀਰ | 9.00 |
| 478 | ਸਿੱਖ ਸੱਭਿਆਚਾਰ - 'ਸ' ਸੱਭਿਆਚਾਰ | 6.00 |
| 479 | 1699 ਦੀ ਵਿਸਾਖੀ | 10.00 |
| 480 | The Vision of Gursikh (The Disciple of the Guru) in Gurbani | 8.00 |
| 481 | ਭਾਈ ਮੱਖਣ ਸ਼ਾਹ ਲੁਬਾਣਾ | 6.00 |
| 483 | ਸ਼ਹੀਦੀ ਦਾ ਸੰਕਲਪ ਤੇ ਸਿੱਖ ਜੀਵਨ ਜਾਚ | 4.00 |
| 484 | Permanent Peace | |
| 485 } 486 } | ਸਿੱਖੀ ਸਿੱਖਿਆ ਗੁਰਵਿਚਾਰ | 10.00 |
| 487 | ਜਥੇਦਾਰ ਅੱਤਰ ਸਿੰਘ | 6.00 |
| 488 | ਦਸਮ ਗ੍ਰੰਥ – ਸੰਖੇਪ ਨਿਰੀਖਣ | 6.00 |
| 489 | ਸਿੱਖ ਨਾਮ ਕੋਸ਼ | 6.00 |